# ਪ੍ਰਸ਼ਨ ਬੈਂਕ

## ਵਿਸ਼ਾ ਸੂਚੀ

### ਇਕਾਈ - ਪਹਿਲੀ
### ਭੂਮੀ ਅਤੇ ਫ਼ਸਲ ਪ੍ਰਬੰਧ ਕਿਰਿਆਵਾਂ


1. ਭੂਮੀ 5
2. ਖਾਦਾਂ 6
3. ਫ਼ਸਲ ਪ੍ਰਬੰਧ 7


### ਇਕਾਈ - ਦੂਜੀ
### ਪਸ਼ੂ ਧਨ ਪਾਲਣ ਅਤੇ ਮੁਰਗ਼ੀ ਪਾਲਣ


4. ਪਸ਼ੂ ਉਤਪਾਦਨ ਅਤੇ ਪ੍ਰਬੰਧ 8
5. ਮੁਰਗੀ ਪਾਲਣ 9


### ਇਕਾਈ - ਤੀਜੀ
### ਖੇਤੀਬਾੜੀ ਜੀਵ ਵਿਗਿਆਨ - ਬਨਸਪਤੀ ਵਿਗਿਆਨ


6. ਅਨੁਵੰਸ਼ਿਕੀ 10
7. ਸਰੀਰ ਰਚਨਾ ਵਿਗਿਆਨ : ਤਣਾ, ਜੜ੍ਹ ਅਤੇ ਪੱਤੇ ਦੀ ਅੰਦਰਲੀ ਰਚਨਾ 11
8. ਫੁੱਲ, ਪਰਾਗਣ, ਫ਼ਲ ਅਤੇ ਬੀਜ 12
9. ਪ੍ਰਕਾਸ਼ ਸੰਸ਼ਲੇਸ਼ਣ, ਸਾਹ ਕਿਰਿਆ ਅਤੇ ਉਤਵੈਦਨ 13


### ਇਕਾਈ - ਚੌਥੀ
### ਖੇਤੀਬਾੜੀ ਜੀਵ ਵਿਗਿਆਨ - ਜੰਤੂ ਵਿਗਿਆਨ


10. ਪ੍ਰਾਣੀ ਵਿਗਿਆਨ ਦੀ ਜਾਣ-ਪਛਾਣ 14
11. ਜੀਵਨ ਦਾ ਮੁੱਢ ਅਤੇ ਵਿਕਾਸ ਦੇ ਸਿਧਾਂਤ 15
12. ਬਣਧਾਰੀ ਪ੍ਰਾਣੀਆਂ ਦੇ ਸਾਧਾਰਨ ਲੱਛਣ 16
13. ਕੀਟਾਂ ਦਾ ਵਾਧਾ ਅਤੇ ਵਿਕਾਸ 17
14. ਖੇਤੀਬਾੜੀ ਲਈ ਆਰਥਿਕ ਮਹੱਤਤਾ ਵਾਲੇ ਪ੍ਰਾਣੀ 18


ਭੁਪਿੰਦਰ ਖੰਨਾ

## ਪਾਠ - 1
## ਭੂਮੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਮਿੱਟੀ ਵਿੱਚ ਪਾਏ ਜਾਣ ਵਾਲੇ ਗਲੇ-ਸੜ੍ਹੇ ਜੈਵਿਕ ਪਦਾਰਥਾਂ ਨੂੰ ਕੀ ਕਹਿੰਦੇ ਹਨ ?
   (ੳ) ਮੱਲ੍ਹੜ (ਅ) ਜਿਪਸਮ (ੲ) ਚੂਨਾ (ਸ) ਯੂਰੀਆ
2. ਕਿਹੜਾ ਰੁੱਖ ਸੇਮ ਵਾਲੀ ਜ਼ਮੀਨ ਵਿੱਚ ਉਗਾਇਆ ਜਾ ਸਕਦਾ ਹੈ ?
   (ੳ) ਸਫੈਦਾ (ਅ) ਟਾਹਲੀ (ੲ) ਕਿੱਕਰ (ਸ) ਨਿੰਮ
3. ਭੂਮੀ ਵਿੱਚ ਲੋਹੇ ਦੀ ਵੱਧ ਮਾਤਰਾ ਹੋਣ ਤੇ ਉਸ ਦਾ ਰੰਗ ਕਿਹੋ ਜਿਹਾ ਹੋ ਜਾਂਦਾ ਹੈ ?
   (ੳ) ਲਾਲ (ਅ) ਚਿੱਟਾ (ੲ) ਪੀਲਾ (ਸ) ਕਾਲਾ
4. ਕੱਲਰੀ ਜ਼ਮੀਨ ਨੂੰ ਸੁਧਾਰਨ ਲਈ ਕਿਹੜੇ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਜਿਪਸਮ (ਅ) ਚੂਨਾ (ੲ) ਡੀ. ਏ. ਪੀ. (ਸ) ਜ਼ਿੰਕ ਸਲਫੇਟ
5. ਤੇਜ਼ਾਬੀ ਜ਼ਮੀਨ ਨੂੰ ਸੁਧਾਰਨ ਲਈ ਕਿਹੜੇ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ ?
   (ੳ) ਚੂਨਾ (ਅ) ਜਿਪਸਮ (ੲ) ਯੂਰੀਆ (ਸ) ਮੈਂਗਨੀਜ਼ ਸਲਫੇਟ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਖੁਰ ਜ਼ਮੀਨ ਵਿੱਚ ਲੂਣਾਂ ਦੀ ਮਾਤਰਾ ...................... ਹੁੰਦੀ ਹੈ । (ਵੱਧ / ਘੱਟ)
2. ਭੂਮੀ ਵਿੱਚ ਚੂਨੇ ਦੀ ਮਾਤਰਾ ਵੱਧ ਹੋਣ ਨਾਲ ਉਸ ਦਾ ਰੰਗ ................... ਹੋ ਜਾਂਦਾ ਹੈ । (ਚਿੱਟਾ / ਕਾਲਾ)
3. ...................... ਭੂਮੀ ਨੂੰ ਵੱਧ ਗੋਡੀ ਦੀ ਲੋੜ ਹੁੰਦੀ ਹੈ । (ਚੀਕਣੀ / ਰੇਤਲੀ)
4. ਚੀਕਣੀ ਮਿੱਟੀ ਦੇ ਕਣਾਂ ਦਾ ਵਿਆਸ ................. ਮਿਲੀਮੀਟਰ ਤੋਂ ਘੱਟ ਹੁੰਦਾ ਹੈ । (0.002 / 0.20)
5. ਵਧੇਰੇ ਵਰਖਾ ਵਾਲੇ ਇਲਾਕਿਆਂ ਵਿੱਚ ਭੂਮੀ ................ ਹੋ ਜਾਂਦੀ ਹੈ । (ਤੇਜ਼ਾਬੀ / ਖਾਰੀ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਰੇਤਲੀ ਮਿੱਟੀ ਦੇ ਕਣ ਮੋਟੇ ਹੁੰਦੇ ਹਨ ।
2. ਭੂਮੀ ਦੀ ਉੱਪਰਲੀ ਪਰਤ ਨੂੰ ਮਿੱਟੀ ਕਿਹਾ ਜਾਂਦਾ ਹੈ ।
3. ਮੂੰਗੀ ਅਤੇ ਛੋਲੇ ਫ਼ਲੀਦਾਰ ਫ਼ਸਲਾਂ ਹਨ ।
4. ਖੇਤੀ ਲਈ ਮੈਰਾ ਜ਼ਮੀਨ ਸਭ ਤੋਂ ਵਧੀਆ ਮੰਨੀ ਗਈ ਹੈ ।
5. ਸੇਮ ਵਾਲੀ ਜ਼ਮੀਨ ਵਿੱਚ ਮਿੱਟੀ ਦੇ ਮੁਸਾਮਾਂ ਵਿੱਚ ਪਾਣੀ ਭਰ ਜਾਂਦਾ ਹੈ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਬਿਜਲੀ ਸੰਚਾਲਕਤਾ ਦੀ ਇਕਾਈ | (i) | ਬਹੁਤ ਬਾਰੀਕ |
| 2. | ਪ੍ਰਵੇਸ਼ਤਾ | (ii) | ਮਿਲੀ ਮਹੋ |
| 3. | ਪੌਦਿਆਂ ਦੇ ਲਘੂ ਖੁਰਾਕੀ ਤੱਤ | (iii) | ਭੂਮੀ ਵਿੱਚ ਹਵਾ ਅਤੇ ਪਾਣੀ ਦਾ ਸੰਚਾਰ |
| 4. | ਪੌਦਿਆਂ ਲਈ ਜ਼ਰੂਰੀ ਮੁੱਖ ਖੁਰਾਕੀ ਤੱਤ | (iv) | ਲੋਹਾ ਅਤੇ ਜ਼ਿੰਕ |
| 5. | ਚੀਕਣੀ ਮਿੱਟੀ ਦੇ ਕਣ ਦਾ ਅਕਾਰ | (v) | ਨਾਈਟਰੋਜਨ ਅਤੇ ਫਾਸਫੋਰਸ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਭੂਮੀ ਦੇ ਤੇਜ਼ਾਬੀ ਹੋਣ ਦੇ ਕੀ ਕਾਰਨ ਹਨ ?
2. ਵਿਗਿਆਨੀਆਂ ਨੇ ਭੂਮੀ ਬਣਤਰ ਦੀ ਵੰਡ ਦੇ ਕਿਹੜੇ ਤਿੰਨ ਆਧਾਰ ਬਣਾਏ ਹਨ ?
3. ਕਿਹੜੇ ਢੰਗਾਂ ਨਾਲ ਫ਼ਸਲ ਦੀ ਵੱਧ ਪੈਦਾਵਾਰ (ਉਪਜ) ਲਈ ਜਾ ਸਕਦੀ ਹੈ ?
4. ਮੱਲ੍ਹੜ ਕਿਵੇਂ ਬਣਦਾ ਹੈ ?
5. ਪੌਦੇ ਦੇ ਵਾਧੇ ਲਈ ਨਾਈਟਰੋਜਨ ਦੇ ਕੋਈ ਤਿੰਨ ਕੰਮ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਖਾਰੀਆਂ ਜ਼ਮੀਨਾਂ ਦੇ ਸੁਧਾਰ ਦੇ ਕੋਈ ਚਾਰ ਉਪਾਅ ਲਿਖੋ ।
2. ਭੂਮੀ ਵਿੱਚ ਮੱਲ੍ਹੜ ਦੇ ਕੋਈ ਚਾਰ ਲਾਭ ਲਿਖੋ ।
3. ਹਵਾ ਰਾਹੀਂ ਭੂਮੀ ਨੂੰ ਖੁਰਨ ਤੋਂ ਰੋਕਣ ਲਈ ਕੀਤੇ ਜਾਣ ਵਾਲੇ ਕੋਈ ਚਾਰ ਉਪਾਅ ਲਿਖੋ ।
4. ਜ਼ਮੀਨ ਵਿੱਚ ਸੇਮ ਆਉਣ ਦੇ ਕੋਈ ਚਾਰ ਕਾਰਨ ਲਿਖੋ ।
5. ਭੂਮੀ ਦੇ ਕਿਸੇ ਚਾਰ ਰਸਾਇਣਕ ਗੁਣਾਂ ਬਾਰੇ ਲਿਖੋ ।

ਭੁਪਿੰਦਰ ਧੰਨਾ

## ਪਾਠ - 2
## ਖਾਦਾਂ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਭੂਮੀ ਵਿੱਚ ਖੁਰਾਕੀ ਤੱਤਾਂ ਦੀ ਘਾਟ ਪੂਰੀ ਕਰਨ ਵਾਲੀ ਸਮੱਗਰੀ ਨੂੰ ਕੀ ਕਿਹਾ ਜਾਂਦਾ ਹੈ ?
   (ੳ) ਖਾਦ (ਅ) ਬੀਜ (ੲ) ਕੀਟਨਾਸ਼ਕ (ਸ) ਨਦੀਨਨਾਸ਼ਕ
2. ਹੱਡੀਆਂ ਦੀ ਖਾਦ ਵਿੱਚ ਕਿਹੜਾ ਤੱਤ ਵੱਧ ਹੁੰਦਾ ਹੈ ?
   (ੳ) ਫਾਸਫੋਰਸ (ਅ) ਨਾਈਟਰੋਜਨ (ੲ) ਲੋਹਾ (ਸ) ਜ਼ਿੰਕ
3. ਫੈਰਸ ਸਲਫੇਟ ਖਾਦ ਕਿਹੜੇ ਤੱਤ ਦੀ ਘਾਟ ਪੂਰਾ ਕਰਨ ਲਈ ਵਰਤੀ ਜਾਂਦੀ ਹੈ ?
   (ੳ) ਲੋਹਾ (ਅ) ਤਾਂਬਾ (ੲ) ਜ਼ਿੰਕ (ਸ) ਨਾਈਟਰੋਜਨ
4. ਪਰੈੱਸ ਮੱਡ ਕੀ ਹੁੰਦੀ ਹੈ ?
   (ੳ) ਗੰਨੇ ਦੀ ਮੈਲ (ਅ) ਸਰੋਂ ਦੀ ਖਲ (ੲ) ਸੀਵਰੇਜ ਦਾ ਪਾਣੀ (ਸ) ਮੁਰਗੀਆਂ ਦੀਆਂ ਬਿੱਠਾਂ
5. ਜੈਵਿਕ ਖਾਦ ਕਿਹੜੀ ਹੈ ?
   (ੳ) ਰੂੜੀ (ਅ) ਡੀ. ਏ. ਪੀ. (ੲ) ਯੂਰੀਆ (ਸ) ਮੈਂਗਨੀਜ਼ ਸਲਫੇਟ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਯੂਰੀਆ ਖਾਦ ਵਿੱਚ .................. ਪ੍ਰਤੀਸ਼ਤ ਨਾਈਟਰੋਜਨ ਹੁੰਦੀ ਹੈ । (46 / 64)
2. ਘਰ ਦੇ ਕੂੜੇ-ਕਰਕਟ ਤੋਂ .................. ਖਾਦ ਬਣਦੀ ਹੈ । (ਕੰਪੋਸਟ / ਹਰੀ)
3. ਮਿਊਰੇਟ ਆਫ ਪੋਟਾਸ਼ ਖਾਦ ਵਿੱਚ .................. ਤੱਤ ਪਾਇਆ ਜਾਂਦਾ ਹੈ । (ਪੋਟਾਸ਼ / ਫਾਸਫੋਰਸ)
4. ਰਾਈਜ਼ੋਬੀਅਮ ਜੀਵਾਣੂੰ ਫਲੀਦਾਰ ਫ਼ਸਲਾਂ ਲਈ .................... ਹੁੰਦੇ ਹਨ । (ਲਾਭਦਾਇਕ / ਹਾਨੀਕਾਰਕ)
5. ਰੂੜੀ ਦੀ ਖਾਦ ................ ਤੋਂ ਬਣਦੀ ਹੈ । (ਗੋਹੇ / ਹੱਡੀਆਂ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਰਸਾਇਣਕ ਖਾਦਾਂ ਕਾਰਖਾਨਿਆਂ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ ।
2. ਹਰੀ ਖਾਦ ਲਈ ਜੰਤਰ (ਿਢੰਜਣ) ਬੀਜਿਆ ਜਾਂਦਾ ਹੈ ।
3. ਯੂਰੀਆ ਖਾਦ ਵਿੱਚ ਨਾਈਟਰੋਜਨ ਤੱਤ ਪਾਇਆ ਜਾਂਦਾ ਹੈ ।
4. ਕੰਪੋਸਟ ਖਾਦ ਘਰ ਦੇ ਕੂੜੇ-ਕਰਕਟ, ਮਨੁੱਖੀ ਮਲ-ਮੂਤਰ ਅਤੇ ਪੱਤਿਆਂ ਤੋਂ ਬਣਦੀ ਹੈ ।
5. ਡੀ. ਏ. ਪੀ. ਖਾਦ ਦੇ ਨਾਲ ਸਿੰਗਲ ਸੁਪਰ ਫਾਸਫੇਟ ਖਾਦ ਨਹੀਂ ਪਾਉਣੀ ਚਾਹੀਦੀ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਕੈਲਸ਼ੀਅਮ ਅਮੋਨੀਅਮ ਨਾਈਟ੍ਰੇਟ ਦਾ ਦੂਜਾ ਨਾਂ | (i) | ਬਹੁਤ ਬਾਰੀਕ |
| 2. | ਹਰੀ ਖਾਦ ਅਤੇ ਰੂੜੀ ਦੀ ਖਾਦ | (ii) | ਕਿਸਾਨ ਖਾਦ |
| 3. | ਮੂੰਗੀ ਅਤੇ ਮਟਰ | (iii) | ਜੈਵਿਕ ਖਾਦਾਂ |
| 4. | ਪੌਦਿਆਂ ਲਈ ਜ਼ਰੂਰੀ ਮੁੱਖ ਖੁਰਾਕੀ ਤੱਤ | (iv) | ਫਲੀਦਾਰ ਫ਼ਸਲਾਂ |
| 5. | ਚੀਕਣੀ ਮਿੱਟੀ ਦੇ ਕਣ ਦਾ ਅਕਾਰ | (v) | ਨਾਈਟਰੋਜਨ ਅਤੇ ਫਾਸਫੋਰਸ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਖਾਦ ਤੋਂ ਕੀ ਭਾਵ ਹੈ ? ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ ?
2. ਰਸਾਇਣਕ ਖਾਦ ਕਿਸ ਨੂੰ ਕਹਿੰਦੇ ਹਨ ?
3. ਫਾਸਫੈਟਿਕ ਖਾਦਾਂ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ ।
4. ਮਿਸ਼ਰਿਤ ਖਾਦਾਂ ਕੀ ਹਨ ? ਕਿਸੇ ਦੋ ਮਿਸ਼ਰਿਤ ਖਾਦਾਂ ਦੇ ਨਾਂ ਲਿਖੋ ।
5. ਡੀ. ਏ. ਪੀ. ਦੇ ਨਾਲ ਸਿੰਗਲ ਸੁਪਰ ਫਾਸਫੇਟ ਖਾਦ ਕਿਉਂ ਨਹੀਂ ਪਾਉਣੀ ਚਾਹੀਦੀ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਰੂੜੀ ਅਤੇ ਕੰਪੋਸਟ ਖਾਦ ਵਿੱਚ ਕੋਈ ਦੋ ਅੰਤਰ ਲਿਖੋ ।
2. ਖਾਦਾਂ ਦੀ ਵਰਤੋਂ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ ।
3. ਹਰੀ ਖਾਦ ਲਈ ਵਰਤੀਆਂ ਜਾਣ ਵਾਲੀਆਂ ਫ਼ਸਲਾਂ ਦੇ ਕੋਈ ਚਾਰ ਗੁਣ ਲਿਖੋ ।
4. ਜੈਵਿਕ ਅਤੇ ਅਜੈਵਿਕ ਖਾਦਾਂ ਵਿੱਚ ਕੋਈ ਚਾਰ ਅੰਤਰ ਲਿਖੋ ।
5. ਕੰਪੋਸਟ ਖਾਦ ਦੇ ਕੋਈ ਚਾਰ ਲਾਭ ਲਿਖੋ ।

ਭੁਪਿੰਦਰ ਧੰਨਾ

## ਪਾਠ - 3
## ਫ਼ਸਲ ਪ੍ਰਬੰਧ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਅਨਾਜ ਵਾਲੀ ਫ਼ਸਲ ਕਿਹੜੀ ਹੈ ?
   (ੳ) ਕਣਕ (ਅ) ਮੂੰਗੀ (ੲ) ਸਰੋਂ (ਸ) ਗੰਨਾ
2. ਅਲਾਹਾਬਾਦ ਸਫੈਦਾ ਕਿਹੜੇ ਫ਼ਲ ਦੀ ਉੱਨਤ ਕਿਸਮ ਹੈ ?
   (ੳ) ਅਮਰੂਦ (ਅ) ਸਫ਼ੈਦਾ (ੲ) ਕਣਕ (ਸ) ਫੁੱਲ ਗੋਭੀ
3. ਪੌਦਿਆਂ ਲਈ ਜ਼ਰੂਰੀ ਖ਼ੁਰਾਕੀ ਤੱਤਾਂ ਦੀ ਗਿਣਤੀ ਕਿੰਨੀ ਹੈ ?
   (ੳ) 17 (ਅ) 71 (ੲ) 27 (ਸ) 7
4. 'ਮਿੱਠੀ ਫ਼ਲੀ' ਕਿਹੜੀ ਸਬਜ਼ੀ ਦੀ ਉੱਨਤ ਕਿਸਮ ਹੈ ?
   (ੳ) ਮਟਰ (ਅ) ਸੂਰਜਮੁੱਖੀ (ੲ) ਅੰਬ (ਸ) ਅਮਰੂਦ
5. ਸਾਉਣੀ ਦੀ ਫ਼ਸਲ ਕਿਹੜੀ ਹੈ ?
   (ੳ) ਝੋਨਾ (ਅ) ਕਣਕ (ੲ) ਛੋਲੇ (ਸ) ਸਰੋਂ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਬੀ. ਐੱਲ. - 10 .................... ਦੀ ਉੱਨਤ ਕਿਸਮ ਹੈ । (ਬਰਸੀਮ / ਮੱਕੀ)
2. ਟਿੱਕਾ ਰੋਗ ...................... ਨੂੰ ਲੱਗਦਾ ਹੈ । (ਮੂੰਗਫਲੀ / ਨਰਮੇ)
3. ਜੜ੍ਹ ਦੇ ਰੂਪ ਵਿੱਚ ਮਿਲਣ ਵਾਲੀ ਸਬਜ਼ੀ ................. ਹੈ । (ਮੂਲੀ / ਮਟਰ)
4. ਉਮਾਰਨ ........................ ਦੀ ਉੱਨਤ ਕਿਸਮ ਹੈ । (ਬੇਰ / ਪਪੀਤਾ)
5. ਕਣਕ ..................... ਦੀ ਮੁੱਖ ਫ਼ਸਲ ਹੈ । (ਹਾੜ੍ਹੀ / ਸਾਉਣੀ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਬਾਜਰਾ ਅਤੇ ਜਵਾਰ ਚਾਰੇ ਵਾਲੀਆਂ ਫ਼ਸਲਾਂ ਹਨ ।
2. ਸਬਜ਼ੀਆਂ ਵਿਟਾਮਿਨ ਅਤੇ ਖਣਿਜ ਪਦਾਰਥਾਂ ਦਾ ਸਸਤਾ ਸੋਮਾ ਹਨ ।
3. ਗੰਨੇ ਦੇ ਬੀਜ ਦੀ ਸੋਧ ਲਈ ਐਗਾਲੋਲ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ ।
4. ਫ਼ਲੀਦਾਰ ਫ਼ਸਲਾਂ ਨੂੰ ਨਾਈਟਰੋਜਨ ਵਾਲੀਆਂ ਖਾਦਾਂ ਦੀ ਲੋੜ ਘੱਟ ਹੁੰਦੀ ਹੈ ।
5. ਅੰਗੂਰਾਂ ਦੀਆਂ ਵੇਲਾਂ ਜਨਵਰੀ ਮਹੀਨੇ ਵਿੱਚ ਲਗਾਈਆਂ ਜਾਂਦੀਆਂ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਸਾਉਣੀ ਦੀਆਂ ਫ਼ਸਲਾਂ | (i) | ਸੈਮੀ ਲੂਪਰ ਅਤੇ ਵਾਲਾਂ ਵਾਲੀ ਸੁੰਡੀ |
| 2. | ਤੇਲ ਬੀਜ ਫ਼ਸਲਾਂ | (ii) | ਝੋਨਾ, ਨਰਮਾ, ਮੱਕੀ, ਬਾਜਰਾ |
| 3. | ਟਮਾਟਰ ਦੀਆਂ ਉੱਨਤ ਕਿਸਮਾਂ | (iii) | ਸਰੋਂ, ਤਾਰਮੀਰਾ, ਸੂਰਜਮੁੱਖੀ, ਸੋਇਆਬੀਨ |
| 4. | ਪੌਦਿਆਂ ਵਿੱਚ ਪਾਣੀ ਦੀ ਮਾਤਰਾ | (iv) | ਟੀ. ਐੱਚ. - 802 ਅਤੇ ਟੀ. ਐੱਚ. 2312 |
| 5. | ਮੂੰਗੀ ਨੂੰ ਲੱਗਣ ਵਾਲੇ ਕੀੜੇ | (v) | 50 ਤੋਂ 80 ਪ੍ਰਤੀਸ਼ਤ ਤੱਕ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਇੱਕ ਸਾਲ ਵਿੱਚ ਬੈਂਗਣ ਦੀਆਂ ਤਿੰਨ ਫ਼ਸਲਾਂ ਕਿਹੜੇ-ਕਿਹੜੇ ਤਰੀਕਿਆਂ ਨਾਲ ਲਈਆਂ ਜਾ ਸਕਦੀਆਂ ਹਨ ?
2. ਧਾਨ (ਝੋਨੇ) ਨੂੰ ਲੱਗਣ ਵਾਲੇ ਕਿਸੇ ਦੋ ਕੀੜਿਆਂ ਦੇ ਨਾਂ ਲਿਖ ਕੇ ਇਨ੍ਹਾਂ ਦੀ ਰੋਕਥਾਮ ਬਾਰੇ ਲਿਖੋ ।
3. ਬਰਸੀਮ ਦੇ ਬੀਜ ਨੂੰ ਟੀਕਾ ਕਿਵੇਂ ਲਗਾਇਆ ਜਾਂਦਾ ਹੈ ?
4. ਬੇਰ ਨੂੰ ਕਿਸ ਤਰ੍ਹਾਂ ਦੀ ਜ਼ਮੀਨ ਦੀ ਲੋੜ ਹੁੰਦੀ ਹੈ ?
5. ਪਨੀਰੀ ਲਗਾ ਕੇ ਉਗਾਈਆਂ ਜਾ ਸਕਣ ਵਾਲੀਆਂ ਕਿਸੇ ਛੇ ਸਬਜ਼ੀਆਂ ਦੇ ਨਾਂ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਬਾਗ਼ ਲਗਾਉਣ ਦੇ ਚਾਰ ਢੰਗਾਂ ਦੇ ਨਾਂ ਲਿਖੋ ।
2. ਮੂੰਗੀ / ਸੂਰਜਮੁੱਖੀ / ਬਰਸੀਮ / ਮਟਰ ਦੀ ਕਾਸ਼ਤ ਦਾ ਵਰਣਨ ਹੇਠ ਲਿਖੇ ਸਿਰਲੇਖਾਂ ਅਨੁਸਾਰ ਕਰੋ :
   (i) ਜ਼ਮੀਨ (ii) ਦੋ ਉੱਨਤ ਕਿਸਮਾਂ (iii) ਬੀਜਾਈ ਦਾ ਸਮਾਂ (iv) ਬੀਜ ਦੀ ਮਾਤਰਾ
3. ਫ਼ਸਲ ਉਤਪਾਦਨ ਤੇ ਪ੍ਰਭਾਵ ਪਾਉਣ ਵਾਲੇ ਕਿਸੇ ਚਾਰ ਮੌਸਮੀ ਤੱਤਾਂ ਬਾਰੇ ਲਿਖੋ ।
4. ਅਮਰੂਦ ਦੀ ਲਖਨਊ - 49 ਕਿਸਮ ਬਾਰੇ ਲਿਖੋ ।
5. ਇੱਕ ਚੰਗੇ ਫ਼ਸਲ ਚੱਕਰ ਦੇ ਕਿਸੇ ਚਾਰ ਗੁਣਾਂ ਬਾਰੇ ਲਿਖੋ ।

ਭੁਪਿੰਦਰ ਖੰਨਾ

## ਪਾਠ - 4
## ਪਸ਼ੂ ਉਤਪਾਦਨ ਅਤੇ ਪ੍ਰਬੰਧ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਸਭ ਤੋਂ ਵੱਧ ਦੁੱਧ ਦੇਣ ਵਾਲੀ ਭਾਰਤੀ ਨਸਲ ਦੀ ਗਾਂ ਕਿਹੜੀ ਹੈ ?
   (ੳ) ਸਾਹੀਵਾਲ (ਅ) ਮੁਰ੍ਹਾ (ੲ) ਨੀਲੀ ਰਾਵੀ (ਸ) ਸੂਰਤੀ
2. 400 ਕਿਲੋ ਭਾਰੀ ਮੱਝ / ਗਾਂ ਨੂੰ ਹਰ ਰੋਜ਼ ਕਿੰਨੇ ਹਰੇ ਚਾਰੇ ਦੀ ਲੋੜ ਹੁੰਦੀ ਹੈ ?
   (ੳ) 35 ਕਿਲੋ (ਅ) 3.5 ਕਿਲੋ (ੲ) 3 ਕਿਲੋ (ਸ) 5 ਕਿਲੋ
3. ਸੂਣ ਵਾਲੀ ਲਵੇਰੀ ਨੂੰ ਕਿੰਨੇ ਦਿਨ ਪਹਿਲਾਂ ਦੁੱਧੋਂ ਹਟਾ ਲੈਣਾ ਚਾਹੀਦਾ ਹੈ ?
   (ੳ) 60 (ਅ) 6 (ੲ) 16 (ਸ) 26
4. ਪੱਠੇ ਕੁਤਰਨ ਵਾਲੀ ਮਸ਼ੀਨ ਨੂੰ ਕੀ ਕਿਹਾ ਜਾਂਦਾ ਹੈ ?
   (ੳ) ਟੋਕਾ (ਅ) ਰੋਟਾਵੇਟਰ (ੲ) ਕਰਾਹਾ (ਸ) ਡਰਿੱਲ
5. ਮੱਝ ਦੀ ਕਿਹੜੀ ਨਸਲ ਨੂੰ 'ਪੰਜ ਕਲਿਆਣੀ' ਵੀ ਕਿਹਾ ਜਾਂਦਾ ਹੈ ?
   (ੳ) ਨੀਲੀ ਰਾਵੀ (ਅ) ਸੂਰਤੀ (ੲ) ਜ਼ਫਰਾਬਾਦੀ (ਸ) ਮਹਿਸਾਨਾ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਮੱਝ ਦਾ ਗਰਭ ਕਾਲ ................ ਦਿਨ ਦਾ ਹੁੰਦਾ ਹੈ । (310 / 210)
2. ਗਲ ਘੋਟੂ ਬੀਮਾਰੀ ...................... ਨੂੰ ਲੱਗਦੀ ਹੈ । (ਮੱਝਾਂ / ਮੁਰਗੀਆਂ)
3. ਗਾਂ ਦੇ ਦੁੱਧ ਵਿੱਚ ਥਿੰਧਿਆਈ (ਫੈਟ) ਮੱਝ ਦੇ ਦੁੱਧ ਨਾਲੋਂ ................. ਹੁੰਦੀ ਹੈ । (ਘੱਟ / ਵੱਧ)
4. ਹੋਲਸਟੀਅਨ ਫਰਜ਼ੀਅਨ ਗਾਂ .......................... ਇਲਾਕਿਆਂ ਵਿੱਚ ਪਾਲੀ ਜਾਂਦੀ ਹੈ । (ਮੈਦਾਨੀ / ਨੀਮ ਪਹਾੜੀ)
5. ਸੁਆਬੂਲ ਦੇ ਪੱਤਿਆਂ ਵਿੱਚ ................. ਜ਼ਹਿਰੀਲਾ ਮਾਦਾ ਹੁੰਦਾ ਹੈ । (ਮੀਮੋਸਿਨ / ਮੋਨੋਸਿਲ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਸੂਣ ਤੋਂ ਦੋ ਘੰਟੇ ਬਾਅਦ ਗਾਂ ਦਾ ਦੁੱਧ ਚੋਅ ਲੈਣਾ ਚਾਹੀਦਾ ਹੈ ।
2. ਪੰਜਾਬ ਵਿੱਚ ਮੁਰ੍ਹਾ ਅਤੇ ਨੀਲੀ ਰਾਵੀ ਨਸਲ ਦੀਆਂ ਮੱਝਾਂ ਪਾਲੀਆਂ ਜਾਂਦੀਆਂ ਹਨ ।
3. ਪਸ਼ੂਆਂ ਵਿੱਚ ਬਣਾਉਟੀ ਗਰਭ ਰਾਹੀਂ ਚੰਗੀ ਨਸਲ ਬਣਾਈ ਜਾ ਸਕਦੀ ਹੈ ।
4. ਵਧੀਆ ਨਸਲ ਦੀ ਮੱਝ ਦੀ ਚਮੜੀ ਪਤਲੀ ਹੁੰਦੀ ਹੈ ।
5. ਗਲ ਘੋਟੂ ਛੂਤ ਦਾ ਰੋਗ ਹੈ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਗਾਵਾਂ ਦੀਆਂ ਦੇਸੀ ਨਸਲਾਂ | (i) | $5^0$ ਸੈਲਸੀਅਸ |
| 2. | ਬੱਕਰੀ ਦਾ ਗਰਭ ਕਾਲ | (ii) | ਸਾਹੀਵਾਲ ਅਤੇ ਹਰਿਆਣਾ |
| 3. | ਮੁਰ੍ਹਾ ਅਤੇ ਪੰਜ ਕਲਿਆਣੀ | (iii) | 150 ਦਿਨ |
| 4. | ਹਰੇ ਚਾਰੇ ਦਾ ਆਚਾਰ | (iv) | ਮੱਝਾਂ ਦੀਆਂ ਨਸਲਾਂ |
| 5. | ਦੁੱਧ ਨੂੰ ਠੰਢਾ ਕਰਨ ਲਈ ਲੋੜੀਂਦਾ ਤਾਪਮਾਨ | (v) | ਸਾਈਲੇਜ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਸੰਤਾਨ ਉਤਪਤੀ ਜਾਂ ਪਸ਼ੂਆਂ ਦੀ ਨਸਲ ਬਣਾਉਣ ਦੇ ਤਿੰਨ ਸਿਧਾਂਤਾਂ ਦੇ ਨਾਂ ਲਿਖੋ ।
2. ਦੁੱਧ ਚੋਣ ਤੋਂ ਬਾਅਦ ਸੰਭਾਲ ਕਿਵੇਂ ਕੀਤੀ ਜਾਂਦੀ ਹੈ ?
3. ਮੁਰ੍ਹਾ ਨਸਲ ਦੀ ਮੱਝ ਦੇ ਕੋਈ ਤਿੰਨ ਲੱਛਣ ਲਿਖੋ ।
4. ਬਣਾਉਟੀ ਗਰਭ ਤੋਂ ਤੁਸੀਂ ਕੀ ਸਮਝਦੇ ਹੋ ?
5. ਲਾਲ ਸਿੰਧੀ ਗਾਂ ਦੇ ਕੋਈ ਤਿੰਨ ਲੱਛਣ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਇੱਕ ਗਰਭਵਤੀ ਗਾਂ / ਮੱਝ ਦੇ ਕੋਈ ਚਾਰ ਲੱਛਣ ਲਿਖੋ ।
2. ਗਲ ਘੋਟੂ ਰੋਗ ਨਾਲ ਪੀੜਿਤ ਗਾਂ / ਮੱਝ ਦੀਆਂ ਕੋਈ ਚਾਰ ਨਿਸ਼ਾਨੀਆਂ ਲਿਖੋ ।
3. ਇੱਕ ਚੰਗਾ ਪਸ਼ੂ ਘਰ (ਡੇਅਰੀ ਫਾਰਮ) ਬਣਾਉਂਦੇ ਸਮੇਂ ਕਿਹੜੀਆਂ-ਕਿਹੜੀਆਂ ਅੱਠ ਮੁੱਖ ਜ਼ਰੂਰਤਾਂ ਹਨ ?
4. ਦੁੱਧ ਵਾਲੇ ਬਰਤਨਾਂ ਦੀ ਸਫ਼ਾਈ ਕਿਵੇਂ ਕੀਤੀ ਜਾਂਦੀ ਹੈ ?
5. ਪਸ਼ੂਆਂ ਦੇ ਗੋਹੇ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ?

ਭੁਪਿੰਦਰ ਖੰਨਾ

## ਪਾਠ - 5
## ਮੁਰਗੀ ਪਾਲਣ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਮੀਟ ਅਤੇ ਆਂਡੇ ਕਿਹੜੇ ਧੰਦੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ ?
(ੳ) ਮੁਰਗੀ ਪਾਲਣ (ਅ) ਖਰਗੋਸ਼ ਪਾਲਣ (ੲ) ਸੂਰ ਪਾਲਣ (ਸ) ਮਧੂ ਮੱਖੀ ਪਾਲਣ
2. ਬਰਡ ਫਲੂ ਬੀਮਾਰੀ ਕਿਸ ਨੂੰ ਲੱਗਦੀ ਹੈ ?
(ੳ) ਮੁਰਗੀ (ਅ) ਮੱਝ (ੲ) ਗਾਂ (ਸ) ਮੱਛੀ
3. ਮੁਰਗੀਆਂ ਦੀ ਲੜਾਕੀ ਨਸਲ ਕਿਹੜੀ ਹੈ ?
(ੳ) ਅਸੀਲ (ਅ) ਚਟਗਾਂਵ (ੲ) ਘਾਘੁਸ (ਸ) ਸਤਲੁਜ ਲੇਅਰ
4. ਸਤਲੁਜ ਲੇਅਰ ਮੁਰਗੀ ਕਿੰਨੇ ਦਿਨਾਂ ਬਾਅਦ ਆਂਡੇ ਦੇਣਾ ਸ਼ੁਰੂ ਕਰ ਦਿੰਦੀ ਹੈ ?
(ੳ) 160 (ਅ) 60 (ੲ) 600 (ਸ) 106
5. ਰੋਡ ਆਈਲੈਂਡ ਰੈੱਡ ਨਸਲ ਦੀ ਮੁਗਰੀ ਕਿਹੜੇ ਰੰਗ ਦੇ ਆਂਡੇ ਦਿੰਦੀ ਹੈ ?
(ੳ) ਲਾਲ (ਅ) ਚਿੱਟੇ (ੲ) ਕਾਲੇ (ਸ) ਨੀਲੇ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਮੁਰਗੀ ਦੇ ਇੱਕ ਆਂਡੇ ਦਾ ਔਸਤਨ ਭਾਰ ............ ਗ੍ਰਾਮ ਹੁੰਦਾ ਹੈ । (56 / 156)
2. ਰਾਣੀ ਖੇਤ ਬੀਮਾਰੀ ...................... ਨੂੰ ਲੱਗਦੀ ਹੈ । (ਮੁਰਗੀਆਂ / ਮੱਝਾਂ)
3. ਮਾਸ ਲਈ ਪਾਲੇ ਜਾਣ ਵਾਲੇ ਚੂਚਿਆਂ ਨੂੰ .................... ਕਹਿੰਦੇ ਹਨ । (ਬਰਾਇਲਰ / ਲੇਅਰ)
4. ਚੂਚੇ ਭਰੋਸੇਮੰਦ ................. ਤੋਂ ਖਰੀਦੇ ਜਾਂਦੇ ਹਨ । (ਹੈਚਰੀ / ਬੇਕਰੀ)
5. ਵਾਈਟ ਪਲਾਈਮਾਉਥਰਾਕ ਮੁਰਗੀ ਦੇ ਆਂਡੇ ਦਾ ਰੰਗ ................. ਹੁੰਦਾ ਹੈ । (ਖਾਕੀ / ਚਿੱਟਾ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਆਂਡਿਆਂ ਲਈ ਪਾਲੇ ਜਾਣ ਵਾਲੇ ਚੂਚਿਆਂ ਨੂੰ ਲੇਅਰਜ਼ ਕਿਹਾ ਜਾਂਦਾ ਹੈ ।
2. ਬਰਾਇਲਰ ਦਾ ਛੇ ਹਫ਼ਤਿਆਂ ਵਿੱਚ ਔਸਤਨ ਭਾਰ 1250-1350 ਗ੍ਰਾਮ ਹੋ ਜਾਂਦਾ ਹੈ ।
3. ਮੁਰਗੀਆਂ ਦੀ ਖੁਰਾਕ ਵਿੱਚ ਕੰਕਰ ਦਾ ਹੋਣਾ ਬਹੁਤ ਜ਼ਰੂਰੀ ਹੈ ।
4. ਚੂਚਿਆਂ ਨੂੰ ਗਰਮੀ ਦੇਣ ਵਾਲੇ ਯੰਤਰ ਨੂੰ ਬਰੂਡਰ ਕਿਹਾ ਜਾਂਦਾ ਹੈ ।
5. ਵਾਈਟ ਲੈਗਹਾਰਨ ਮੁਰਗੀ ਚਿੱਟੇ ਰੰਗ ਦੇ ਆਂਡੇ ਦਿੰਦੀ ਹੈ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਮਾਸ ਲਈ ਪਾਲੀਆਂ ਜਾਣ ਵਾਲੀਆਂ ਮੁਰਗੀਆਂ | (i) | ਮੁਰਗੀਆਂ ਦੀਆਂ ਚੁੰਝਾਂ ਕੱਟਣਾ |
| 2. | ਸੂਰਜ ਦੀ ਰੋਸ਼ਨੀ | (ii) | ਬਰਾਇਲਰਜ਼ |
| 3. | ਬਰੂਡਰ | (iii) | ਵਿਟਾਮਿਨ ਡੀ |
| 4. | ਮੁਰਗੀਆਂ ਦੀਆਂ ਬੀਮਾਰੀਆਂ | (iv) | ਚੂਚਿਆਂ ਨੂੰ ਗਰਮੀ ਦੇਣ ਵਾਲਾ ਯੰਤਰ |
| 5. | ਡੀਬੀਕਿੰਗ | (v) | ਰਾਣੀ ਖੇਤ, ਹੈਜ਼ਾ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਮੁਰਗੀਆਂ ਦੀਆਂ ਚੁੰਝਾਂ ਕੱਟਣ ਦੇ ਕੋਈ ਤਿੰਨ ਲਾਭ ਲਿਖੋ ।
2. ਮੁਰਗੀਆਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਕਿਹੜੀਆਂ-ਕਿਹੜੀਆਂ ਤਿੰਨ ਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?
3. ਸਤਲੁਜ ਲੇਅਰ ਮੁਰਗੀ ਬਾਰੇ ਤੁਸੀਂ ਕੀ ਜਾਣਦੇ ਹੋ ?
4. ਮੁਰਗੀਆਂ ਦੀ ਖ਼ੁਰਾਕ ਵਿੱਚ ਕਿਹੜੀਆਂ-ਕਿਹੜੀਆਂ ਵਸਤੂਆਂ ਸ਼ਾਮਿਲ ਹੁੰਦੀਆਂ ਹਨ ?
5. ਮੁਰਗੀਆਂ ਦੇ ਮਾਸ ਦੀ ਮਨੁੱਖੀ ਭੋਜਨ ਵਿੱਚ ਕੀ ਮਹੱਤਤਾ ਹੈ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਇੱਕ ਆਦਰਸ਼ ਮੁਰਗੀ ਖਾਨੇ ਵਿੱਚ ਕਿਹੜੀਆਂ-ਕਿਹੜੀਆਂ ਚਾਰ ਮੁੱਖ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ?
2. ਮੁਰਗੀਆਂ ਨੂੰ ਬੀਮਾਰੀਆਂ ਲੱਗਣ ਦੇ ਚਾਰ ਮੁੱਖ ਕਾਰਨ ਲਿਖੋ ।
3. 'ਪੋਲਟਰੀ' ਸ਼ਬਦ ਤੋਂ ਕੀ ਭਾਵ ਹੈ ? ਪੋਲਟਰੀ ਅਧੀਨ ਪਾਲੇ ਜਾਣ ਵਾਲੇ ਛੇ ਪੰਛੀਆਂ ਦੇ ਨਾਂ ਲਿਖੋ ।
4. ਮੁਰਗੀਆਂ ਪਾਲਣ ਦੇ ਕੋਈ ਚਾਰ ਲਾਭ ਲਿਖੋ ।
5. ਅਸੀਲ ਨਸਲ ਦੀ ਮੁਰਗੀ ਬਾਰੇ ਤੁਸੀਂ ਕੀ ਜਾਣਦੇ ਹੋ ?

ਭੁਪਿੰਦਰ ਖੰਨਾ

## ਪਾਠ - 6
## ਅਨੁਵੰਸ਼ਿਕੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਮੈਂਡਲ ਨੇ ਆਪਣੀ ਖੋਜ ਕਿਹੜੇ ਪੌਦਿਆਂ ਤੇ ਕੀਤੀ ?
(ੳ) ਮਟਰ (ਅ) ਮੂੰਗਫਲੀ (ੲ) ਮਸਰ (ਸ) ਮੱਕੀ
2. ਅਨੁਵੰਸ਼ਿਕੀ ਦਾ ਜਨਮਦਾਤਾ ਕਿਸ ਨੂੰ ਮੰਨਿਆ ਜਾਂਦਾ ਹੈ ?
(ੳ) ਗ੍ਰੇਗਰ ਜੌਹਨ ਮੈਂਡਲ (ਅ) ਚਾਰਲਿਸ ਡਾਰਵਿਨ (ੲ) ਨਿਊਟਨ (ਸ) ਆਈਨਸਟੀਨ
3. ਜੀਵ ਵਿਗਿਆਨ ਦੀ ਜੋ ਸ਼ਾਖਾ ਅਨੁਵੰਸ਼ਕਿਤਾ ਅਤੇ ਵਿਭਿੰਨਤਾ ਦਾ ਅਧਿਐਨ ਕਰਦੀ ਹੈ, ਉਸ ਨੂੰ ਕੀ ਕਹਿੰਦੇ ਹਨ ?
(ੳ) ਅਨੁਵੰਸ਼ਿਕੀ (ਅ) ਰਸਾਇਣ ਵਿਗਿਆਨ (ੲ) ਭੌਤਿਕ ਵਿਗਿਆਨ (ਸ) ਮੌਸਮ ਵਿਗਿਆਨ
4. ਕਿਹੜੇ ਪੌਦੇ ਦਾ ਜੀਵਨ ਚੱਕਰ ਛੋਟਾ ਹੁੰਦਾ ਹੈ ?
(ੳ) ਮਟਰ (ਅ) ਗੰਨਾ (ੲ) ਟਾਹਲੀ (ਸ) ਬੋਹੜ
5. ਮੈਂਡਲ ਦਾ ਜਨਮ ਕਦੋਂ ਹੋਇਆ ਸੀ ?
(ੳ) 1822 ਈਸਵੀ (ਅ) 1922 ਈਸਵੀ (ੲ) 1722 ਈਸਵੀ (ਸ) 1622 ਈਸਵੀ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਮਟਰ ਦੇ ਪੌਦੇ ਦਾ ਜੀਵਨ ਚੱਕਰ ..................... ਹੁੰਦਾ ਹੈ । (ਛੋਟਾ / ਲੰਬਾ)
2. ਮੈਂਡਲ ਨੇ ਅਨੁਵੰਸ਼ਿਕੀ ਦੇ ...................... ਨਿਯਮ ਦੱਸੇ । (ਤਿੰਨ / ਅੱਠ)
3. ਅਨੁਵੰਸ਼ਿਕ ਅੰਤਰ ਕਾਰਨ .......................... ਵਿੰਭਿਨਤਾਵਾਂ ਪੈਦਾ ਹੁੰਦੀਆਂ ਹਨ । (ਅਨੁਵੰਸ਼ਿਕ / ਵਾਤਾਵਰਨੀ)
4. ................... ਅਨੁਵੰਸ਼ਿਕ ਲੱਛਣਾਂ ਦੇ ਨਿਰਧਾਰਨ, ਕੰਟਰੋਲ ਅਤੇ ਸੰਚਾਰਨ ਕਰਦਾ ਹੈ । (ਜੀਨ / ਜਿਗਰ)
5. ਮੈਂਡਲ ਨੇ ਪ੍ਰਯੋਗਾਂ ਵਿੱਚ ਮਟਰ ਦੇ ........ ਜੋੜੀਆਂ ਵਿਪਰੀਤ ਲੱਛਣਾਂ ਦਾ ਅਧਿਐਨ ਕੀਤਾ । (ਸੱਤ / ਦਸ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਮੈਂਡਲ ਨੇ ਆਪਣੀ ਖੋਜ ਮਟਰ ਦੇ ਪੌਦਿਆਂ ਤੇ ਕੀਤੀ ਸੀ ।
2. ਮਟਰ ਦੇ ਪੌਦਿਆਂ ਨੂੰ ਉਗਾਉਣਾ ਅਸਾਨ ਹੈ ।
3. ਵਿਭਿੰਨਤਾਵਾਂ ਨਵੀਆਂ ਪ੍ਰਜਾਤੀਆਂ ਅਤੇ ਜੈਵ ਵਿਕਾਸ ਦਾ ਆਧਾਰ ਬਣਦੀਆਂ ਹਨ ।
4. ਵਿਭਿੰਨਤਾਵਾਂ ਜੀਵਾਂ ਨੂੰ ਤਬਦੀਲ ਹੋਏ ਵਾਤਾਵਰਨ ਦੇ ਅਨੁਕੂਲ ਢਾਲਦੀਆਂ ਹਨ ।
5. ਅਨੁਵੰਸ਼ਿਕੀ ਦੇ ਕਰੋਮੋਸੋਨਲ ਸਿਧਾਂਤ ਨੂੰ ਬੌਬਰੀ ਅਤੇ ਸਟਨ ਨੇ ਪ੍ਰਸਤੁਤ ਕੀਤਾ ਸੀ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਅਨੁਵੰਸ਼ਿਕੀ ਦਾ ਜਨਮਦਾਤਾ | (i) | ਨਵੀਆਂ ਪ੍ਰਜਾਤੀਆਂ ਅਤੇ ਜੈਵ ਵਿਕਾਸ ਦਾ ਆਧਾਰ |
| 2. | ਅਨੁਵੰਸ਼ਿਕੀ ਵਿਗਿਆਨ | (ii) | ਗ੍ਰੇਗਰ ਜੌਹਨ ਮੈਂਡਲ |
| 3. | ਮੈਂਡਲ ਦਾ ਜੀਵਨ ਕਾਲ | (iii) | ਅਨੁਵੰਸ਼ਿਕਤਾ ਅਤੇ ਵਿਭਿੰਨਤਾਵਾਂ ਦਾ ਅਧਿਐਨ |
| 4. | ਕ੍ਰੋਮੋਸੋਮ ਦੀ ਰਸਾਇਣਕ ਪ੍ਰਾਕ੍ਰਿਤੀ | (iv) | 1822 ਈ. ਤੋਂ 1884 ਈ. ਤੱਕ |
| 5. | ਵਿਭਿੰਨਤਾਵਾਂ ਦਾ ਮਹੱਤਵ | (v) | ਨਿਊਕਲਿਕ ਅਮਲ ਅਤੇ ਪ੍ਰੋਟੀਨ ਆਦਿ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਮੈਂਡਲ ਦੀ ਸਫ਼ਲਤਾ ਦੇ ਤਿੰਨ ਮੁੱਖ ਕਾਰਨ ਲਿਖੋ ।
2. ਮੈਂਡਲ ਨੇ ਅਨੁਵੰਸ਼ਿਕੀ ਦੀ ਕਿਹੜੇ ਤਿੰਨ ਨਿਯਮਾਂ ਦੀ ਖੋਜ ਕੀਤੀ ਸੀ ?
3. ਅਨੁਵੰਸ਼ਿਕੀ ਕਿਸ ਨੂੰ ਕਹਿੰਦੇ ਹਨ ?
4. ਮੈਂਡਲ ਦਾ ਪ੍ਰਭਾਵਿਤਾ ਦਾ ਨਿਯਮ ਕੀ ਹੈ ?
5. ਵਿਭਿੰਨਤਾਵਾਂ ਦੇ ਕੋਈ ਤਿੰਨ ਮਹੱਤਵ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਮੈਂਡਲ ਦੇ ਨਿਯਮਾਂ ਦੀਆਂ ਕੋਈ ਚਾਰ ਅਵਧਾਰਨਾਵਾਂ ਲਿਖੋ ।
2. ਮੁਰਗੀਆਂ ਨੂੰ ਬੀਮਾਰੀਆਂ ਲੱਗਣ ਦੇ ਚਾਰ ਮੁੱਖ ਕਾਰਨ ਲਿਖੋ ।
3. ਮੈਂਡਲ ਦੀ ਪ੍ਰਯੋਗ ਕਰਨ ਵਾਲੀ ਤਕਨੀਕ ਕਮਾਲ ਦੀ ਕਿਵੇਂ ਸੀ ?
4. ਮੈਂਡਲ ਨੇ ਆਪਣੇ ਪ੍ਰਯੋਗ ਵਿੱਚ ਮਟਰ ਦੇ ਪੌਦੇ ਨੂੰ ਕਿਉਂ ਚੁਣਿਆ ਸੀ ?
5. ਮੈਂਡਲ ਨੇ ਆਪਣੇ ਪ੍ਰਯੋਗਾਂ ਵਿੱਚ ਮਟਰ ਦੇ ਪੌਦੇ ਕਿਹੜੇ-ਕਿਹੜੇ ਵਿਪਰੀਤ ਲੱਛਣਾਂ ਨੂੰ ਸ਼ਾਮਿਲ ਕੀਤਾ ਸੀ ।

ਭੁਪਿੰਦਰ ਖੰਨਾ

## ਪਾਠ - 7
## ਸਰੀਰ ਰਚਨਾ ਵਿਗਿਆਨ : ਤਣਾ, ਜੜ੍ਹ ਅਤੇ ਪੱਤੇ ਦੀ ਅੰਦਰਲੀ ਰਚਨਾ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਬੀਜ ਦੇ ਪੁੰਗਰਣ ਸਮੇਂ ਸਭ ਤੋਂ ਪਹਿਲਾਂ ਨਿਕਲਣ ਵਾਲਾ ਭਾਗ ਜੋ ਮਿੱਟੀ ਦੇ ਪਾਸੇ ਜਾਂਦਾ ਹੈ, ਨੂੰ ਕੀ ਕਹਿੰਦੇ ਹਨ ?
   (ੳ) ਜੜ੍ਹ (ਅ) ਪੱਤੇ (ੲ) ਫੁੱਲ (ਸ) ਫ਼ਲ
2. ਸੇਮਫਲੀ ਦੇ ਤਣੇ ਕਿਸ ਪ੍ਰਕਾਰ ਦੇ ਹੁੰਦੇ ਹਨ ?
   (ੳ) ਵਲੇਵੇਂ ਤਣੇ (ਅ) ਲੇਟਵੇਂ ਤਣੇ (ੲ) ਆਫਸੈੱਟ ਤਣੇ (ਸ) ਨੱਸਣ ਵਾਲੇ ਤਣੇ
3. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਦੌਰਾਨ ਪੌਦੇ ਕਿਹੜੀ ਗੈਸ ਛੱਡਦੇ ਹਨ ?
   (ੳ) ਆਕਸੀਜਨ (ਅ) ਨਾਈਟਰੋਜਨ (ੲ) ਮੀਥੇਨ (ਸ) ਹਾਈਡਰੋਜਨ
4. ਅੰਗੂਰ ਦੇ ਪੱਤੇ ਕਿਹੜੇ ਮੌਸਮ ਵਿੱਚ ਝੜਦੇ ਹਨ ?
   (ੳ) ਪੱਤਝੜ (ਅ) ਬਰਸਾਤ (ੲ) ਬਸੰਤ (ਸ) ਬਹਾਰ
5. ਕਲਮ ਦੁਆਰਾ ਕਿਹੜੇ ਪੌਦੇ ਨੂੰ ਲਗਾਇਆ ਜਾਂਦਾ ਹੈ ?
   (ੳ) ਗੁਲਾਬ (ਅ) ਜਾਮਨ (ੲ) ਕਣਕ (ਸ) ਗੋਭੀ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ............................ ਦੇ ਟਹਿਣੀਆਂ ਦੇ ਤਣੇ ਕੰਡਿਆਂ ਦਾ ਰੂਪ ਧਾਰਨ ਕਰ ਲੈਂਦੇ ਹਨ । (ਨਿੰਬੂ / ਅੰਬ)
2. ਦੋ ਬੀਜ ਪੱਤਰੀ ਤਣਾ ਸੈੱਲਾਂ ਦੀ ................ ਤਹਿ ਤੋਂ ਬਣਿਆ ਹੁੰਦਾ ਹੈ । (ਦੂਹਰੀ / ਇਕਹਿਰੀ)
3. ਜਾਮਨ ਦੀ ਜੜ੍ਹ ................... ਹੁੰਦੀ ਹੈ । (ਨੋਕਦਾਰ / ਗੁੱਛੇਦਾਰ)
4. ਪੱਥਰਚੱਟ ਦਾ ਨਵਾਂ ਪੌਦਾ ...................... ਰਾਹੀਂ ਤਿਆਰ ਕੀਤਾ ਜਾਂਦਾ ਹੈ । (ਪੱਤੇ / ਬੀਜ)
5. ਇੱਟਸਿੱਟ ਨਦੀਨ ਦੇ .................... ਤਣੇ ਹੁੰਦੇ ਹਨ । (ਲੇਟਵੇਂ / ਵਲੇਵੇਂ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਡੰਡੀ ਪੱਤੇ ਨੂੰ ਤਣੇ ਨਾਲ ਜੋੜਨ ਦਾ ਕੰਮ ਕਰਦੀ ਹੈ ।
2. ਗੰਨੇ ਦੇ ਨਵੇਂ ਪੌਦੇ ਕਲਮ ਲਗਾ ਕੇ ਤਿਆਰ ਕੀਤੇ ਜਾਂਦੇ ਹਨ ।
3. ਪਾਪਲਰ ਦੇ ਪੱਤੇ ਪੱਤਝੜ ਰੁੱਤ ਵਿੱਚ ਝੜਦੇ ਹਨ ।
4. ਬੋਗਨਵਿਲੀਆ ਦਾ ਤਣਾ ਤੇਜ਼ ਨੁਕੀਲੇ ਕੰਡਿਆਂ ਵਿੱਚ ਰੂਪਾਂਤਰਿਤ ਹੁੰਦਾ ਹੈ ।
5. ਭਰੂਣ ਦਾ ਪਰਾਂਕੁਰ ਭਾਗ ਤਣੇ ਦੇ ਰੂਪ ਵਿੱਚ ਵਾਧਾ ਕਰਦਾ ਹੈ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਨਿੰਬੂ ਤੇ ਸੰਗਤਰਾ | (i) | ਕਣਕ, ਮੱਕੀ, ਘਾਹ, ਗੰਨਾ |
| 2. | ਵਾਸ਼ਪ ਉਤਸਰਜਨ ਮਾਪਣ ਵਾਲਾ ਯੰਤਰ | (ii) | ਤਣਾ ਕੰਡਿਆਂ ਵਾਲੇ ਪੌਦੇ |
| 3. | ਨੋਕਦਾਰ ਜੜ੍ਹ | (iii) | ਪੋਟੋਮੀਟਰ |
| 4. | ਪਿੱਪਲ ਦੇ ਪੱਤਿਆਂ ਦੇ ਫੈਲਾਉ ਦਾ ਨੈੱਟਵਰਕ | (iv) | ਟੇਪ ਰੂਟ |
| 5. | ਗੁੱਛੇਦਾਰ ਜੜ੍ਹਾਂ ਵਾਲੇ ਪੌਦੇ | (v) | ਰਿਟੀਕੁਲੇਟ ਵੀਨਜ਼ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਤਣੇ ਦੀਆਂ ਤਿੰਨ ਵਿਸ਼ੇਸ਼ਤਾਈਆਂ ਲਿਖੋ ।
2. ਭੂਮੀ ਤੋਂ ਉੱਪਰ ਰਹਿਣ ਵਾਲੇ ਤਣਿਆਂ ਦੀਆਂ ਤਿੰਨ ਕਿਸਮਾਂ ਲਿਖੋ ।
3. ਜੜ੍ਹਾਂ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ ।
4. ਪੱਤੇ ਦੇ ਤਿੰਨ ਭਾਗਾਂ ਦੇ ਨਾਂ ਲਿਖ ਕੇ ਉਨ੍ਹਾਂ ਦੇ ਕੰਮ ਲਿਖੋ ।
5. ਜੜ੍ਹ ਅਤੇ ਤਣੇ ਵਿੱਚ ਕੋਈ ਤਿੰਨ ਅੰਤਰ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਜੜ੍ਹਾਂ ਦੁਆਰਾ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।
2. ਤਣੇ ਦੁਆਰਾ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ ।
3. ਇੱਕ ਬੀਜ ਪੱਤਰ ਅਤੇ ਦੋ ਬੀਜ ਪੱਤਰੀ ਤਣਿਆਂ ਵਿੱਚ ਕੋਈ ਚਾਰ ਅੰਤਰ ਲਿਖੋ ।
4. ਪੱਤਿਆਂ ਦੀਆਂ ਚਾਰ ਕਿਸਮਾਂ ਬਾਰੇ ਲਿਖੋ ।
5. ਪੱਤੇ ਦੇ ਅੰਦਰਲੇ ਤੰਤੂਆਂ 'ਤੇ ਨੋਟ ਲਿਖੋ ।

ਭੁਪਿੰਦਰ ਮੰਨਾ

## ਪਾਠ - 8
## ਫੁੱਲ, ਪਰਾਗਣ, ਫ਼ਲ ਅਤੇ ਬੀਜ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪਰਾਗ ਨਲੀਆਂ ਵਿੱਚ ਕਿੰਨੇ ਨਰ ਯੁਗਮਕ ਹੁੰਦੇ ਹਨ ?
   (ੳ) ਦੋ (ਅ) ਇੱਕ (ੲ) ਤਿੰਨ (ਸ) ਛੇ
2. ਪਰਪੱਕ ਅੰਡਸ਼ ਨੂੰ ਕੀ ਕਹਿੰਦੇ ਹਨ ?
   (ੳ) ਫ਼ਲ (ਅ) ਜੜ (ੲ) ਤਣਾ (ਸ) ਪੱਤੇ
3. ਨਰ ਅਤੇ ਮਾਦਾ ਯੁਗਮਕਾਂ ਦੇ ਆਪਸੀ ਸੰਯੋਜਨ ਨੂੰ ਕੀ ਕਹਿੰਦੇ ਹਨ ?
   (ੳ) ਨਿਸ਼ੇਚਨ (ਅ) ਪ੍ਰਕਾਸ਼ ਸੰਸ਼ਲੇਸ਼ਣ (ੲ) ਆਕਸੀਕਰਨ (ਸ) ਕਾਰਬਨੀਕਰਨ
4. ਇਸਤਰੀ ਕੇਸਰ ਦੇ ਸਭ ਤੋਂ ਹੇਠਲੇ ਅਤੇ ਉੱਭਰੇ ਹੋਏ ਭਾਗ ਨੂੰ ਕੀ ਕਹਿੰਦੇ ਹਨ ?
   (ੳ) ਅੰਡਕੋਸ਼ (ਅ) ਸਟਾਈਲ (ੲ) ਸਟਿਗਮਾ (ਸ) ਪਰਾਗਕੋਸ਼
5. ਬੀਜ ਦੇ ਉੱਗਣ ਲਈ ਕਿਹੜੀਆਂ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ ?
   (ੳ) ਪਾਣੀ (ਅ) ਹਵਾ (ੲ) ਗਰਮੀ (ਸ) ਪਾਣੀ, ਹਵਾ, ਗਰਮੀ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਫੁੱਲ ਵਿਚਲੇ ਨਰ ਜਨਣ ਅੰਗ ਨੂੰ ..................... ਕਹਿੰਦੇ ਹਨ । (ਪੁੰਕੇਸਰ / ਇਸਤਰੀ ਕੇਸਰ)
2. ਪਰਾਗ ਨਲੀ ਵਿੱਚ ................ ਨਰ ਯੁਗਮਕ ਹੁੰਦੇ ਹਨ । (ਦੋ / ਅੱਠ)
3. ਇਸਤਰੀ ਕੇਸਰ ਫੁੱਲ ਦਾ ........................ ਜਨਣ ਅੰਗ ਹੁੰਦਾ ਹੈ । (ਮਾਦਾ / ਨਰ)
4. ਪੱਥਰਚੱਟ ਦਾ ਨਵਾਂ ਪੌਦਾ ...................... ਰਾਹੀਂ ਤਿਆਰ ਕੀਤਾ ਜਾਂਦਾ ਹੈ । (ਪੱਤੇ / ਬੀਜ)
5. ਨਰ ਅਤੇ ਮਾਦਾ ਯੁਗਮਕਾਂ ਦੇ ਆਪਸੀ ਸੰਯੋਜਨ ਨੂੰ .................. ਕਹਿੰਦੇ ਹਨ । (ਨਿਸ਼ੇਚਨ / ਵਾਸ਼ਪੀਕਰਨ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਪ੍ਰਜਣਨ ਕਿਰਿਆ ਦੁਆਰਾ ਸਾਰੇ ਜੀਵ-ਜੰਤੂ ਜਨਮ ਲੈਂਦੇ ਹਨ ।
2. ਗੰਨੇ ਦੇ ਨਵੇਂ ਪੌਦੇ ਕਲਮ ਲਗਾ ਕੇ ਤਿਆਰ ਕੀਤੇ ਜਾਂਦੇ ਹਨ ।
3. ਪੌਦਿਆਂ ਵਿੱਚ ਫ਼ਲ ਅਤੇ ਬੀਜ ਫੁੱਲਾਂ ਦੁਆਰਾ ਬਣਦੇ ਹਨ ।
4. ਇਸਤਰੀ ਕੇਸਰ ਦੇ ਸਭ ਤੋਂ ਹੇਠਲੇ ਉੱਭਰੇ ਹੋਏ ਹਿੱਸੇ ਨੂੰ ਅੰਡਕੋਸ਼ ਕਹਿੰਦੇ ਹਨ ।
5. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਦੌਰਾਨ ਪੌਦੇ ਕਾਰਬਨ ਡਾਈਆਕਸਾਈਡ ਗੈਸ ਲੈਂਦੇ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਫੁੱਲ ਦਾ ਮਾਦਾ ਭਾਗ | (i) | ਹਵਾ, ਪਾਣੀ ਅਤੇ ਗਰਮੀ |
| 2. | ਨਿਸ਼ੇਚਨ ਦੀਆਂ ਕਿਸਮਾਂ | (ii) | ਇਸਤਰੀ ਕੇਸਰ |
| 3. | ਪਰਾਗ ਕੋਸ਼ | (iii) | ਅੰਦਰੂਨੀ ਨਿਸ਼ੇਚਨ ਅਤੇ ਬਾਹਰੀ ਨਿਸ਼ੇਚਨ |
| 4. | ਸਵੈ-ਪਰਾਗਣ ਅਤੇ ਪਰ-ਪਰਾਗਣ | (iv) | ਫੁੱਲ ਦਾ ਨਰ ਭਾਗ |
| 5. | ਬੀਜ ਦੇ ਉੱਗਣ ਲਈ ਜ਼ਰੂਰੀ ਸ਼ਰਤਾਂ | (v) | ਪਰਾਗਣ ਦੀਆਂ ਕਿਸਮਾਂ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਨਿਸ਼ੇਚਨ ਅਤੇ ਦੋਹਰੇ ਨਿਸ਼ੇਚਨ ਤੋਂ ਕੀ ਭਾਵ ਹੈ ?
2. ਬੀਜ ਦੇ ਉੱਗਣ ਲਈ ਕਿਹੜੀਆਂ-ਕਿਹੜੀਆਂ ਤਿੰਨ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ ?
3. ਸਵੈ-ਪਰਾਗਣ ਅਤੇ ਪਰ-ਪਰਾਗਣ ਤੋਂ ਕੀ ਭਾਵ ਹੈ ?
4. ਇੱਕ ਬੀਜ ਪੱਤਰੀ ਅਤੇ ਦੋ ਬੀਜ ਪੱਤਰੀ ਫੁੱਲਾਂ ਵਿੱਚ ਕੋਈ ਦੋ ਅੰਤਰ ਲਿਖੋ ।
5. ਪਿਉਂਦ ਲਗਾਉਣ ਤੋਂ ਕੀ ਭਾਵ ਹੈ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਪੌਦਿਆਂ ਵਿੱਚ ਪਰ-ਪਰਾਗਣ ਦੀਆਂ ਕੋਈ ਚਾਰ ਵਿਧੀਆਂ ਲਿਖੋ ।
2. ਫੁੱਲਦਾਰ ਪੌਦਿਆਂ ਵਿੱਚ ਪਰਾਗਣ ਤੋਂ ਲੈ ਕੇ ਭਰੂਣ ਬਣਨ ਤੱਕ ਦੀ ਕਿਰਿਆ ਵਿਧੀ ਦਾ ਵਰਣਨ ਕਰੋ ।
3. ਪੌਦਿਆਂ ਵਿੱਚ ਪੰਛੀਆਂ ਦੁਆਰਾ ਪਰ-ਪਰਾਗਣ ਕਿਵੇਂ ਹੁੰਦਾ ਹੈ ?
4. ਫੁੱਲ ਦੇ ਮਾਦਾ ਜਨਣ ਅੰਗ ਦਾ ਵਰਣਨ ਕਰੋ ।
5. ਬੀਜ ਦੇ ਉੱਗਣ ਲਈ ਗਰਮੀ ਦੀ ਕੀ ਮਹੱਤਤਾ ਹੈ ?

ਭੁਪਿੰਦਰ ਖੰਨਾ

## ਪਾਠ - 9

## ਪ੍ਰਕਾਸ਼ ਸੰਸ਼ਲੇਸ਼ਣ, ਸਾਹ ਕਿਰਿਆ ਅਤੇ ਉਤਵੈਦਨ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਪ੍ਰਕਾਸ਼ ਸੰਸ਼ਲੇਸ਼ਣ ਲਈ ਹਰੇ ਪੌਦਿਆਂ ਨੂੰ ਕਿਹੜੀਆਂ ਚੀਜਾਂ ਦੀ ਲੋੜ ਹੁੰਦੀ ਹੈ ?
   (ੳ) ਕਲੋਰੋਫਿਲ (ਅ) ਸੂਰਜ ਦੀ ਰੋਸ਼ਨੀ (ੲ) ਪਾਣੀ (ਸ) ਉਪਰੋਕਤ ਸਾਰੇ
2. ਪੱਤਿਆਂ ਤੋਂ ਵਾਧੂ ਪਾਣੀ ਉੱਡਣ ਦੀ ਕਿਰਿਆ ਨੂੰ ਕੀ ਕਹਿੰਦੇ ਹਨ ?
   (ੳ) ਉਤਵੈਦਨ (ਅ) ਵਿਸਰਜਨ (ੲ) ਜਨਣ (ਸ) ਆਕਸੀਜਨ
3. ਪੌਦਿਆਂ ਦੇ ਪੱਤਿਆਂ ਵਿੱਚ ਮੌਜੂਦ ਬਾਰੀਕ-ਬਾਰੀਕ ਮੋਰੀਆਂ ਨੂੰ ਕਹਿੰਦੇ ਹਨ ?
   (ੳ) ਸਟੋਮੈਟਾ (ਅ) ਜਾਈਲਮ (ੲ) ਫਲੋਇਮ (ਸ) ਸਟਿਗਮਾ
4. ਉਹ ਕਿਹੜੀ ਪ੍ਰਕਿਰਿਆ ਹੈ, ਜਿਸ ਦੇ ਰਾਹੀਂ ਸਾਰੇ ਪ੍ਰਾਣੀਆਂ ਲਈ ਆਕਸੀਜਨ ਪੈਦਾ ਹੁੰਦੀ ਹੈ ?
   (ੳ) ਪ੍ਰਕਾਸ਼ ਸੰਸ਼ਲੇਸ਼ਣ (ਅ) ਸਾਹ ਕਿਰਿਆ (ੲ) ਜਨਣ ਕਿਰਿਆ (ਸ) ਉਤਵੈਦਨ
5. ਪੌਦਿਆਂ ਵਿੱਚ ਸਾਹ ਲੈਣ ਦੀ ਕੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ ?
   (ੳ) ਸਾਹ ਕਿਰਿਆ (ਅ) ਜਨਣ ਕਿਰਿਆ (ੲ) ਪ੍ਰਕਾਸ਼ ਸੰਸ਼ਲੇਸ਼ਣ (ਸ) ਉਤਵੈਦਨ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਪੌਦੇ ਜ਼ਮੀਨ ਵਿੱਚੋਂ ਆਪਣਾ ਭੋਜਨ ................ ਰਾਹੀਂ ਘੋਲ ਦੇ ਰੂਪ ਵਿੱਚ ਲੈਂਦੇ ਹਨ । (ਜੜ੍ਹ / ਪੱਤਿਆਂ)
2. ਪੌਦੇ ..................... ਵਸਤੂਆਂ ਹਨ । (ਸਜੀਵ / ਨਿਰਜੀਵ)
3. ਸਾਹ ਕਿਰਿਆ ਦੌਰਾਨ ਪੌਦੇ ................ ਗੈਸ ਲੈਂਦੇ ਹਨ । (ਆਕਸੀਜਨ / ਨਾਈਟਰੋਜਨ)
4. ਸਟੋਮੈਟਾ ਪੌਦੇ ਦੇ .................. ਵਿੱਚ ਮੌਜੂਦ ਹੁੰਦੇ ਹਨ । (ਪੱਤਿਆਂ / ਜੜ੍ਹਾਂ)
5. ਪੌਦਿਆਂ ਦਾ ਹਰਾ ਰੰਗ ........................ ਕਾਰਨ ਹੁੰਦਾ ਹੈ । (ਕਲੋਰੋਫਿਲ / ਮੀਥੇਨ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਸਜੀਵਾਂ ਨੂੰ ਸਾਹ ਲੈਣ ਲਈ ਆਕਸੀਜਨ ਗੈਸ ਦੀ ਲੋੜ ਹੁੰਦੀ ਹੈ ।
2. ਭੂਮੀ ਵਿੱਚੋਂ ਪੌਦੇ ਆਪਣਾ ਭੋਜਨ ਘੋਲ ਦੇ ਰੂਪ ਵਿੱਚ ਪ੍ਰਾਪਤ ਕਰਦੇ ਹਨ ।
3. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਦੁਆਰਾ ਪੌਦੇ ਆਪਣਾ ਭੋਜਨ ਤਿਆਰ ਕਰਦੇ ਹਨ ।
4. ਪੌਦਿਆਂ ਦਾ ਹਰਾ ਰੰਗ ਕਲੋਰੋਫਿਲ ਕਾਰਨ ਹੁੰਦਾ ਹੈ ।
5. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਦੌਰਾਨ ਪੌਦੇ ਕਾਰਬਨ ਡਾਈਆਕਸਾਈਡ ਗੈਸ ਲੈਂਦੇ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਸਟੋਮੈਟਾ | (i) | ਹਵਾ, ਪਾਣੀ ਅਤੇ ਗਰਮੀ |
| 2. | ਉਤਵੈਦਨ (ਵਾਸ਼ਪ ਉਤਸਰਜਨ) | (ii) | ਪੱਤਿਆਂ ਦੇ ਹੇਠਾਂ ਬਾਰੀਕ-ਬਾਰੀਕ ਮੋਰੀਆਂ |
| 3. | ਪਰਾਗ ਕੋਸ਼ | (iii) | ਪੱਤਿਆਂ ਵਿੱਚੋਂ ਪਾਣੀ ਵਾਸ਼ਪ ਬਣ ਕੇ ਉੱਡਣਾ |
| 4. | ਊਰਜਾ ਦੇ ਸਰੋਤ | (iv) | ਫੁੱਲ ਦਾ ਨਰ ਭਾਗ |
| 5. | ਬੀਜ ਦੇ ਉੱਗਣ ਲਈ ਜ਼ਰੂਰੀ ਸ਼ਰਤਾਂ | (v) | ਕੋਲਾ, ਲੱਕੜੀ, ਪੈਟਰੋਲੀਅਮ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਪ੍ਰਕਾਸ਼ ਸੰਸ਼ਲੇਸ਼ਣ ਦੌਰਾਨ ਹੋਣ ਵਾਲੀਆਂ ਦੋ ਰਸਾਇਣਕ ਕਿਰਿਆਵਾਂ ਦੇ ਨਾਂ ਲਿਖੋ ।
2. ਸੂਰਜ ਦਾ ਪ੍ਰਕਾਸ਼ ਪੈਣ ਤੇ ਕਲੋਰੋਫਿਲ ਵਿੱਚ ਕੀ ਹੁੰਦਾ ਹੈ ?
3. ਪੌਦਿਆਂ ਵਿੱਚ ਸਾਹ ਕਿਰਿਆ ਕਿਵੇਂ ਹੁੰਦੀ ਹੈ ?
4. ਪਰਾਸਰਨ (Osmosis) ਕਿਰਿਆ ਪੌਦਿਆਂ ਲਈ ਕਿਉਂ ਜ਼ਰੂਰੀ ਹੈ ?
5. ਆਕਸੀ ਸਾਹ ਕਿਰਿਆ ਕਿਸ ਨੂੰ ਕਹਿੰਦੇ ਹਨ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਤੋਂ ਹੋਣ ਵਾਲੇ ਕੋਈ ਚਾਰ ਲਾਭ ਲਿਖੋ ।
2. ਉਤਵੈਦਨ (ਵਾਸ਼ਪ ਉਤਸਰਜਨ) ਕਿਰਿਆ ਨਾਲ ਪੌਦਿਆਂ ਨੂੰ ਹੋਣ ਵਾਲੇ ਕੋਈ ਚਾਰ ਲਾਭ ਲਿਖੋ ।
3. ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਤੇ ਪ੍ਰਭਾਵ ਪਾਉਣ ਵਾਲੇ ਕੋਈ ਚਾਰ ਕਾਰਕ ਲਿਖੋ ।
4. ਪੌਦਿਆਂ ਅੰਦਰ ਉਤਵੈਦਨ ਦੀ ਕਿਰਿਆ ਕੀ ਹੈ ?
5. ਵਾਸ਼ਪ ਉਤਸਰਜਨ ਕਿਰਿਆ ਪੌਦਿਆਂ ਦੀ ਸਿਹਤ ਲਈ ਕਿਉਂ ਜ਼ਰੂਰੀ ਹੈ ?

ਭੁਪਿੰਦਰ ਖੰਨਾ

## ਪਾਠ - 10
## ਪ੍ਰਾਣੀ ਵਿਗਿਆਨ ਦੀ ਜਾਣ-ਪਛਾਣ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਦੁਨੀਆਂ ਵਿੱਚ ਸਭ ਤੋਂ ਵੱਡਾ ਪ੍ਰਾਣੀ ਕਿਹੜਾ ਹੈ ?
   (ੳ) ਨੀਲੀ ਵੇਲ੍ਹ (ਅ) ਹਾਥੀ (ੲ) ਊਠ (ਸ) ਮੱਝ
2. ਰਾਈਬੋਨਿਊਕਲਿਕ ਐਸਿਡ ਨੂੰ ਸੰਖੇਪ ਵਿੱਚ ਕੀ ਕਹਿੰਦੇ ਹਨ ?
   (ੳ) RNA (ਅ) DNA (ੲ) INA (ਸ) RNI
3. ਕਿਹੜੇ ਜੀਵ ਵਿੱਚ ਸਜੀਵ ਅਤੇ ਨਿਰਜੀਵ ਦੋਵਾਂ ਦੇ ਗੁਣ ਪਾਏ ਜਾਂਦੇ ਹਨ ?
   (ੳ) ਵਿਸ਼ਾਣੂ (ਅ) ਜੀਵਾਣੂ (ੲ) ਮਨੁੱਖ (ਸ) ਗਾਂ
4. ਡਾਰਵਿਨ ਦੀ ਖੋਜ ਕਿਸ ਵਿਗਿਆਨ ਨਾਲ ਸਬੰਧਤ ਸੀ ?
   (ੳ) ਜੀਵ ਵਿਗਿਆਨ (ਅ) ਭੌਤਿਕ ਵਿਗਿਆਨ (ੲ) ਰਸਾਇਣ ਵਿਗਿਆਨ (ਸ) ਖਗੋਲ ਵਿਗਿਆਨ
5. ਦੋ-ਨਾਵੀਂ ਨਾਂ ਪੱਧਤੀ ਦਾ ਸੁਝਾਅ ਕਿਸ ਨੇ ਦਿੱਤਾ ਸੀ ?
   (ੳ) ਕੈਰੋਲਸ ਲਿਨੀਅਸ (ਅ) ਕਲਪਨਾ ਚਾਵਲਾ (ੲ) ਨਿਊਟਨ (ਸ) ਆਈਨਸਟੀਨ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. .................. ਵਿੱਚ ਵਾਧਾ ਨਹੀਂ ਹੁੰਦਾ ਹੈ । (ਨਿਰਜੀਵਾਂ / ਸਜੀਵਾਂ)
2. ਧਰਤੀ ਤੇ ਪਾਇਆ ਜਾਣ ਵਾਲਾ ਸਭ ਤੋਂ ਵੱਡਾ ਪ੍ਰਾਣੀ .................. ਹੈ । (ਹਾਥੀ / ਨੀਲੀ ਵੇਲ੍ਹ)
3. ਸਜੀਵਾਂ ਦਾ ਜੀਵਨ ਕਾਲ .................... ਹੁੰਦਾ ਹੈ । (ਨਿਸਚਿਤ / ਅਨਿਸਚਿਤ)
4. ............... ਸੈੱਲ ਕੇਵਲ ਪਲਾਜ਼ਮਾ ਝਿੱਲੀ ਨਾਲ ਘਿਰਿਆ ਹੁੰਦਾ ਹੈ । (ਪ੍ਰਾਣੀ / ਪੌਦਾ)
5. ਹੋਮੋ ਸੇਪੀਐਂਸ ..................... ਦਾ ਵਿਗਿਆਨਕ ਨਾਂ ਹੈ । (ਮਨੁੱਖ / ਸ਼ੇਰ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਸਾਰੀਆਂ ਸਜੀਵ ਅਤੇ ਨਿਰਜੀਵ ਵਸਤੂਆਂ ਥਾਂ ਘੇਰਦੀਆਂ ਹਨ ।
2. ਡੱਡੂ ਅਤੇ ਕੱਛੂਕੁੰਮਾ ਛੱਪੜ ਵਿੱਚ ਰਹਿੰਦੇ ਹਨ ।
3. ਵਿਸ਼ਾਣੂਆਂ ਵਿੱਚ ਸਜੀਵ ਅਤੇ ਨਿਰਜੀਵ ਦੋਵੇਂ ਗੁਣ ਪਾਏ ਜਾਂਦੇ ਹਨ ।
4. ਇੱਕ ਨੀਲੀ ਵੇਲ੍ਹ ਦਾ ਭਾਰ ਇੱਕ ਹਾਥੀ ਤੋਂ ਵੱਧ ਹੁੰਦਾ ਹੈ ।
5. ਸੰਸਾਰ ਵਿੱਚ ਜੀਵਾਂ ਦੀਆਂ 15 ਲੱਖ ਕਿਸਮਾਂ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਵਾਧੇ ਦੀ ਦਰ ਨੂੰ ਪ੍ਰਭਾਵਿਤ ਕਰਨ ਵਾਲਾ ਹਾਰਮੋਨ | (i) | ਨੀਲੀ ਵੇਲ੍ਹ |
| 2. | ਡੀਆਕਸੀਰਾਈਬੋ ਨਿਊਕਲਿਕ ਅਮਲ | (ii) | ਥਾਈਰਾਈਡ ਪਿਟਯੂਟਰੀ ਹਾਰਮੋਨ |
| 3. | ਸਜੀਵ ਵਸਤੂਆਂ | (iii) | DNA |
| 4. | ਕਣਕ ਦਾ ਵਿਗਿਆਨਕ ਨਾਂ | (iv) | ਮਨੁੱਖ ਅਤੇ ਪੌਦੇ |
| 5. | ਸਭ ਤੋਂ ਵੱਡਾ ਸਮੁੰਦਰੀ ਜੀਵ | (v) | ਟਰੀਟੀਕਮ ਐਸਟੀਵਮ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਸਜੀਵਾਂ ਦੇ ਵਰਗੀਕਰਨ ਦੀ ਲੋੜ ਕਿਉਂ ਪੈਂਦੀ ਹੈ ?
2. ਸਜੀਵ ਅਤੇ ਨਿਰਜੀਵ ਵਸਤੂਆਂ ਦੇ ਤਿੰਨ ਸਾਂਝੇ ਲੱਛਣ ਲਿਖੋ ।
3. ਰਾਈਬੋਨਿਊਕਲਿਕ ਅਮਲ (RNA) ਦੇ ਤਿੰਨ ਪ੍ਰਕਾਰਾਂ ਦੇ ਨਾਂ ਲਿਖੋ ।
4. ਦੋ-ਨਾਵੀਂ ਨਾਂ ਪੱਧਤੀ ਨੂੰ ਇੱਕ ਉਦਾਹਰਣ ਦੇ ਕੇ ਸਮਝਾਓ ।
5. ਸਜੀਵ ਵਸਤੂਆਂ ਦੇ ਤਿੰਨ ਮੁੱਖ ਲੱਛਣ ਲਿਖੋ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਪ੍ਰਾਣੀਆਂ ਦੇ ਚਾਰ ਮੁੱਖ ਲੱਛਣ ਲਿਖੋ ।
2. ਸਜੀਵ ਅਤੇ ਨਿਰਜੀਵ ਵਸਤੂਆਂ ਵਿੱਚ ਕੋਈ ਚਾਰ ਅੰਤਰ ਲਿਖੋ ।
3. ਵਰਗੀਕਰਨ ਦੇ ਨਿਯਮ ਸਬੰਧੀ ਸੰਖੇਪ ਨੋਟ ਲਿਖੋ ।
4. ਜੀਵਾਂ ਦੇ ਵਿਗਿਆਨਕ ਨਾਂ ਰੱਖਣ ਦੇ ਕੀ ਲਾਭ ਹਨ ?
5. ਵਿਗਿਆਨਕ ਨਾਂ ਲਿਖੋ : (ੳ) ਮਨੁੱਖ (ਅ) ਆਲੂ (ੲ) ਮਟਰ (ਸ) ਅੰਬ

ਭੁਪਿੰਦਰ ਖੰਨਾ

## ਪਾਠ - 11
## ਜੀਵਨ ਦਾ ਮੁੱਢ ਅਤੇ ਵਿਕਾਸ ਦੇ ਸਿਧਾਂਤ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਥਣਧਾਰੀ ਜੰਤੂਆਂ ਦੇ ਦਿਲ ਦੇ ਕਿੰਨੇ ਖਾਨੇ ਹੁੰਦੇ ਹਨ ?
   (ੳ) ਚਾਰ (ਅ) ਇੱਕ (ੲ) ਪੰਜ (ਸ) ਦੋ
2. ਇਓਹਿਪਿਸ ਕਿਸ ਜੰਤੂ ਦਾ ਪੂਰਵਜ ਸੀ ?
   (ੳ) ਘੋੜਾ (ਅ) ਮਨੁੱਖ (ੲ) ਇੱਲ (ਸ) ਸੂਰ
3. ਮਨੁੱਖ ਦਾ ਕਿਹੜਾ ਅੰਗ ਅਵਸ਼ੇਸ਼ੀ ਅੰਗ ਨਹੀਂ ਹੈ ?
   (ੳ) ਪੂਛ ਦੀ ਹੱਡੀ (ਅ) ਅਪੈਂਡਿਕਸ
   (ੲ) ਬਾਹਰਲੇ ਕੰਨ ਦੀਆਂ ਮਾਸ ਪੇਸ਼ੀਆਂ (ਸ) ਫੇਫੜੇ
4. ਡਾਰਵਿਨ ਦੀ ਖੋਜ ਕਿਸ ਵਿਗਿਆਨ ਨਾਲ ਸਬੰਧਤ ਸੀ ?
   (ੳ) ਜੀਵ ਵਿਗਿਆਨ (ਅ) ਭੌਤਿਕ ਵਿਗਿਆਨ (ੲ) ਰਸਾਇਣ ਵਿਗਿਆਨ (ਸ) ਖਗੋਲ ਵਿਗਿਆਨ
5. ਜੀਵ ਵਿਕਾਸ ਦੇ ਸਿਧਾਂਤ ਕਿਸ ਵਿਗਿਆਨੀ ਨੇ ਪੇਸ਼ ਕੀਤੇ ਸਨ ?
   (ੳ) ਲੈਮਾਰਕ (ਅ) ਕਲਪਨਾ ਚਾਵਲਾ (ੲ) ਨਿਊਟਨ (ਸ) ਆਈਨਸਟੀਨ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਆਰੰਭ ਵਿੱਚ ਜੀਵਨ ਦੀ ਉਤਪਤੀ ................ ਵਿੱਚ ਹੋਈ ਸੀ । (ਪਾਣੀ / ਮਿੱਟੀ)
2. ਜੋ ਅੰਗ ਵਰਤੋਂ ਵਿੱਚ ਆਉਂਦੇ ਹਨ ਉਨ੍ਹਾਂ ਨੂੰ .................. ਅੰਗ ਕਹਿੰਦੇ ਹਨ । (ਵਿਕਸਿਤ / ਅਵਸ਼ੇਸ਼ੀ)
3. ਧਰਤੀ ਉੱਤੇ ਪਾਇਆ ਜਾਣ ਵਾਲਾ ਸਭ ਤੋਂ ਵੱਡਾ ਪੰਛੀ ........................ ਹੈ । (ਸ਼ੁਤਰਮੁਰਗ / ਮੋਰ)
4. ਧਰਤੀ ਦੀ ਉਤਪਤੀ ਲਗਭਗ ................... ਸਾਲ ਪਹਿਲਾਂ ਹੋਈ ਸੀ । (350 ਕਰੋੜ / 35 ਕਰੋੜ)
5. ਡਾਰਵਿਨ ਅਨੁਸਾਰ .............. ਵਿੱਚ ਸੰਤਾਨ ਪੈਦਾ ਕਰਨ ਦੀ ਸਮਰੱਥਾ ਹੁੰਦੀ ਹੈ । (ਜੀਵਾਂ / ਨਿਰਜੀਵਾਂ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਬਾਹਰੀ ਕੰਨ ਦੀਆਂ ਮਾਸ ਪੇਸ਼ੀਆਂ, ਅਪੈਂਡਿਕਸ ਅਤੇ ਪੂਛਲ ਹੱਡੀ ਸਾਡੇ ਸਰੀਰ ਦੇ ਅਵਸ਼ੇਸ਼ੀ ਅੰਗ ਹਨ ।
2. ਜੀਵ ਵਿਕਾਸ ਇੱਕ ਬਹੁਤ ਧੀਮੀ ਪ੍ਰਕਿਰਿਆ ਹੈ ।
3. ਸਜੀਵ ਵਸਤੂਆਂ ਜਣਨ ਕਿਰਿਆ ਰਾਹੀਂ ਸੰਤਾਨ ਪੈਦਾ ਕਰਦੀਆਂ ਹਨ ।
4. ਦਰਖ਼ਤਾਂ ਦੇ ਪੱਤੇ ਖਾਣ ਕਰਕੇ ਜਿਰਾਫ਼ ਦੀ ਧੌਣ ਵੱਡੀ ਹੋ ਗਈ ।
5. ਲੈਮਾਰਕ ਅਨੁਸਾਰ ਜੋ ਅੰਗ ਵਰਤੋਂ ਵਿੱਚ ਆਉਂਦੇ ਹਨ, ਉਹ ਵਿਕਸਿਤ ਹੁੰਦੇ ਰਹਿੰਦੇ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਅਵਸ਼ੇਸ਼ੀ ਅੰਗ | (i) | Philosophie Zoologique |
| 2. | ਵੱਡੇ ਕਾਰਬਨਿਕ ਅਣੂਆਂ ਦਾ ਸਮੂਹ | (ii) | ਅਵਿਕਸਿਤ ਕਾਰਜਹੀਨ ਅੰਗ |
| 3. | On the Origin of Species | (iii) | ਕੋਇਸਰਵੇਟ |
| 4. | ਅਨੁਵੰਸ਼ਿਕ ਪਦਾਰਥ | (iv) | ਚਾਰਲਿਸ ਡਾਰਵਿਨ ਵੱਲੋਂ ਲਿਖੀ ਗਈ ਕਿਤਾਬ |
| 5. | ਲੈਮਾਰਕ ਵੱਲੋਂ ਲਿਖੀ ਗਈ ਕਿਤਾਬ | (v) | ਡੀ. ਐਨ. ਏ. |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਜੀਵਨ ਸੰਘਰਸ਼ ਜਾਂ ਘੋਲ ਦੀਆਂ ਤਿੰਨ ਕਿਸਮਾਂ ਲਿਖੋ ।
2. ਲੈਮਾਰਕ ਦੇ ਮਤ ਦੀਆਂ ਤਿੰਨ ਮੁੱਖ ਗੱਲਾਂ ਲਿਖੋ ।
3. ਮਨੁੱਖ ਦੇ ਕਿਸੇ ਤਿੰਨ ਅਵਸ਼ੇਸ਼ੀ ਅੰਗਾਂ ਦੇ ਨਾਂ ਲਿਖੋ ।
4. ਜੀਵ ਵਿਕਾਸ ਦੇ ਸਿਧਾਂਤ ਪੇਸ਼ ਕਰਨ ਵਾਲੇ ਕਿਸੇ ਦੋ ਵਿਗਿਆਨੀਆਂ ਦੇ ਨਾਂ ਲਿਖੋ ।
5. ਨਵ-ਡਾਰਵਿਨਵਾਦ ਦੀ ਆਧੁਨਿਕ ਵਿਆਖਿਆ ਦੇ ਕੀ-ਕੀ ਆਧਾਰ ਹਨ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਡਾਰਵਿਨ ਦੇ ਸਿਧਾਂਤ ਦੇ ਚਾਰ ਮੁੱਖ ਅੰਸ਼ ਲਿਖੋ ।
2. ਲੈਮਾਰਕ ਦੇ ਸਿਧਾਂਤ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?
3. ਅਵਸ਼ੇਸ਼ੀ ਅੰਗ ਕੀ ਹੁੰਦੇ ਹਨ ? ਮਨੁੱਖ ਵਿੱਚ ਮਿਲਣ ਵਾਲੇ ਕਿਸੇ ਦੋ ਅਵਸ਼ੇਸ਼ੀ ਅੰਗਾਂ ਦੇ ਨਾਂ ਲਿਖੋ ।
4. ਡਾਰਵਿਨ ਦਾ ਪ੍ਰਾਕ੍ਰਿਤਿਕ ਵਰਣਵਾਦ ਕੀ ਹੈ ?
5. ਜੀਵ ਵਿਕਾਸ ਤੇ ਵਾਤਾਵਰਨ ਦਾ ਸਿੱਧਾ ਪ੍ਰਭਾਵ ਕਿਵੇਂ ਪੈਂਦਾ ਹੈ ?

ਭੁਪਿੰਦਰ ਖੰਨਾ

## ਪਾਠ - 12
## ਥਣਧਾਰੀ ਪ੍ਰਾਣੀਆਂ ਦੇ ਸਧਾਰਨ ਲੱਛਣ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਥਣਧਾਰੀ ਜੰਤੂਆਂ ਸਾਹ ਪ੍ਰਣਾਲੀ ਦਾ ਮੁੱਖ ਅੰਗ ਕਿਹੜਾ ਹੁੰਦਾ ਹੈ ?
   (ੳ) ਫੇਫੜੇ (ਅ) ਗੁਰਦੇ (ੲ) ਦਿਲ (ਸ) ਮਿਹਦਾ
2. ਰੀੜ੍ਹ ਦੀ ਹੱਡੀ ਦੀਆਂ ਛੋਟੀਆਂ-ਛੋਟੀਆਂ ਹੱਡੀਆਂ ਨੂੰ ਕੀ ਕਿਹਾ ਜਾਂਦਾ ਹੈ ?
   (ੳ) ਮਣਕੇ (ਅ) ਫੇਫੜੇ (ੲ) ਦਿਮਾਗ (ਸ) ਲੈਨਜ਼
3. ਲਾਰ ਗ੍ਰੰਥੀਆਂ ਕਿੱਥੇ ਮੌਜੂਦ ਹੁੰਦੀਆਂ ਹਨ ?
   (ੳ) ਮੂੰਹ (ਅ) ਪੈਰ (ੲ) ਕੰਨ (ਸ) ਹੱਥ
4. ਥਣਧਾਰੀ ਪ੍ਰਾਣੀਆਂ ਦੇ ਫੇਫੜੇ ਕਿਸ ਰੰਗ ਦੇ ਹੁੰਦੇ ਹਨ ?
   (ੳ) ਗੁਲਾਬੀ (ਅ) ਕਾਲਾ (ੲ) ਪੀਲਾ (ਸ) ਨੀਲਾ
5. ਉਸ ਪ੍ਰਣਾਲੀ ਦਾ ਕੀ ਹੈ ਜੋ ਖਰਗੋਸ਼ ਦੁਆਰਾ ਖਾਧੇ ਗਏ ਭੋਜਨ ਨੂੰ ਹਜ਼ਮ ਕਰਕੇ ਉਸ ਦਾ ਰਸ ਬਣਾਉਂਦੀ ਹੈ ?
   (ੳ) ਪਾਚਣ ਪ੍ਰਣਾਲੀ (ਅ) ਸਾਹ ਪ੍ਰਣਾਲੀ (ੲ) ਲਹੂ-ਗੇੜ ਪ੍ਰਣਾਲੀ (ਸ) ਜਨਣ ਪ੍ਰਣਾਲੀ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਖਰਗੋਸ਼ ਦੀ ਸਾਹ ਪ੍ਰਣਾਲੀ ਵਿੱਚ ................ ਫੇਫੜੇ ਹੁੰਦੇ ਹਨ । (ਦੋ / ਚਾਰ)
2. ਪਾਚਨ ਗ੍ਰੰਥੀਆਂ ਵਿੱਚ ................ ਸਭ ਤੋਂ ਵੱਡੀ ਪਾਚਕ ਗ੍ਰੰਥੀ ਹੈ । (ਯਕ੍ਰਿਤ / ਥਾਈਰਾਈਡ)
3. ਤੰਤੂਆਂ ਦੇ ਸਮੂਹ ਨਾਲ ....................... ਬਣਦੇ ਹਨ । (ਸੈੱਲ / ਟਿਸ਼ੂ)
4. ................ ਖ਼ੂਨ ਘੁਲੇ ਹੋਏ ਅਤੇ ਬੇਲੋੜੇ ਪਦਾਰਥਾਂ ਦੀ ਢੋਆ-ਢੁਆਈ ਕਰਦਾ ਹੈ । (ਤਰਲ / ਠੋਸ)
5. ਪਸੀਨਾ ................... ਰਾਹੀਂ ਸਰੀਰ ਵਿੱਚੋਂ ਬਾਹਰ ਨਿਕਲਦਾ ਹੈ । (ਚਮੜੀ / ਫੇਫੜੇ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਲਹੂ ਦੁਆਰਾ ਸਰੀਰ ਦੇ ਹਰੇਕ ਭਾਗ ਵਿੱਚ ਭੋਜਨ ਪਹੁੰਚਾਇਆ ਜਾਂਦਾ ਹੈ ।
2. ਖ਼ੂਨ ਦੇ ਤਰਲ ਭਾਗ ਨੂੰ ਪਲਾਜ਼ਮਾ ਕਿਹਾ ਜਾਂਦਾ ਹੈ ।
3. ਸੂਖ਼ਮਦਰਸ਼ੀ ਨਾਲ ਬਹੁਤ ਸੂਖ਼ਮ ਵਸਤੂਆਂ ਵੇਖਿਆ ਜਾਂਦਾ ਹੈ ।
4. ਦਿਲ, ਧਮਣੀਆਂ ਅਤੇ ਸ਼ਿਰਾਵਾਂ ਲਹੂ ਗੇੜ ਪ੍ਰਣਾਲੀ ਦਾ ਅੰਗ ਹਨ ।
5. ਰਸਦਾਨੀਆਂ ਟੁੱਟੇ ਸੈੱਲਾਂ ਦੀ ਮੁਰੰਮਤ ਅਤੇ ਨਵੇਂ ਸੈੱਲਾਂ ਦੇ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਜਣਨ ਦੇ ਪ੍ਰਕਾਰ | (i) | ਗਲਘੋਟੂ |
| 2. | ਖਰਗੋਸ਼ ਦੇ ਸਰੀਰ ਦਾ ਤਾਪਮਾਨ | (ii) | ਲਿੰਗੀ ਅਤੇ ਅਲਿੰਗੀ ਜਣਨ |
| 3. | ਬਹੁ-ਸੈੱਲੀ ਜੀਵ | (iii) | $38.8^0$ ਸੈਲਸੀਅਸ |
| 4. | ਪਾਚਣ ਪ੍ਰਣਾਲੀ ਦੇ ਅੰਗ | (iv) | ਮਨੁੱਖ ਅਤੇ ਘੋੜਾ |
| 5. | ਖਰਗੋਸ਼ ਨੂੰ ਲੱਗਣ ਵਾਲੀ ਬਿਮਾਰੀ | (v) | ਮੂੰਹ, ਦੰਦ, ਮਿਹਦਾ ਅਤੇ ਅੰਤੜੀਆਂ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਬਹੁ-ਸੈੱਲੀ ਜੀਵਾਂ ਤੇ ਇੱਕ ਨੋਟ ਲਿਖੋ ।
2. ਖਰਗੋਸ਼ ਦੀ ਮਲ-ਤਿਆਗ ਪ੍ਰਣਾਲੀ ਬਾਰੇ ਲਿਖੋ ।
3. ਥਣਧਾਰੀ ਜੀਵਾਂ ਦੀ ਸਾਹ ਪ੍ਰਣਾਲੀ ਬਾਰੇ ਲਿਖੋ ।
4. ਸੈੱਲ ਵਿੱਚ ਨਿਊਕਲੀਅਸ ਕੀ ਕੰਮ ਕਰਦਾ ਹੈ ?
5. ਖ਼ੂਨ ਵਿੱਚ ਪਲਾਜ਼ਮਾ ਕੀ ਕੰਮ ਕਰਦਾ ਹੈ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਖਰਗੋਸ਼ ਨੂੰ ਲੱਗਣ ਵਾਲੀ ਗਲਘੋਟੂ ਬਿਮਾਰੀ ਦੀਆਂ ਕੋਈ ਚਾਰ ਨਿਸ਼ਾਨੀਆਂ ਲਿਖੋ ।
2. ਖਰਗੋਸ਼ ਦੀ ਮਲ-ਤਿਆਗ ਪ੍ਰਣਾਲੀ ਦੇ ਕਿਸੇ ਚਾਰ ਅੰਗਾਂ ਦੇ ਨਾਂ ਅਤੇ ਉਨ੍ਹਾਂ ਦੇ ਕੰਮ ਲਿਖੋ ।
3. ਸੈੱਲ ਪਦਾਰਥ ਦੀ ਰਚਨਾ ਬਾਰੇ ਲਿਖੋ ।
4. ਖਰਗੋਸ਼ ਦੀ ਜਨਣ ਪ੍ਰਣਾਲੀ ਬਾਰੇ ਲਿਖੋ ।
5. ਮਾਦਾ ਖਰਗੋਸ਼ ਦੀ ਜਨਣ-ਮੂਤਰ ਪ੍ਰਣਾਲੀ ਦਾ ਚਿੱਤਰ ਬਣਾਓ ।

ਭੁਪਿੰਦਰ ਧੰਨਾ

## ਪਾਠ - 13
## ਕੀਟਾਂ ਦਾ ਵਾਧਾ ਅਤੇ ਵਿਕਾਸ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਰੇਸ਼ਮ ਦੇ ਕੀੜੇ ਪਾਲਣ ਦੇ ਧੰਦੇ ਨੂੰ ਕੀ ਕਹਿੰਦੇ ਹਨ ?
   (ੳ) ਸੈਰੀਕਲਚਰ (ਅ) ਵਰਮੀਕਲਚਰ (ੲ) ਫਲੋਰੀਕਲਚਰ (ਸ) ਐਪੀਕਲਚਰ
2. ਬਾਲਗ ਰੇਸ਼ਮ ਦਾ ਕੀੜਾ ਕੀ ਖਾਂਦਾ ਹੈ ?
   (ੳ) ਸ਼ਹਿਤੂਤ ਦੇ ਪੱਤੇ (ਅ) ਟਾਹਲੀ ਦੇ ਪੱਤੇ (ੲ) ਨਿੰਮ ਦੇ ਪੱਤੇ (ਸ) ਅੱਕ ਦੇ ਪੱਤੇ
3. ਸਿਉਂਕ ਦੇ ਕੀੜੇ ਦੇ ਜੀਵਨ ਚੱਕਰ ਦੀਆਂ ਕਿੰਨੀਆਂ ਅਵਸਥਾਵਾਂ ਹੁੰਦੀਆਂ ਹਨ ?
   (ੳ) ਚਾਰ (ਅ) ਤਿੰਨ (ੲ) ਦੋ (ਸ) ਇੱਕ
4. ਕੀਟਾਂ (ਕੀੜਿਆਂ) ਦਾ ਸਰੀਰ ਮੁੱਖ ਰੂਪ ਵਿੱਚ ਕਿੰਨੇ ਭਾਗਾਂ ਵਿੱਚ ਵੰਡਿਆ ਹੁੰਦਾ ਹੈ ?
   (ੳ) ਤਿੰਨ (ਅ) ਦੋ (ੲ) ਚਾਰ (ਸ) ਪੰਜ
5. ਕੀੜਿਆਂ ਦੀ ਸੁੰਡੀ ਅਵਸਥਾ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?
   (ੳ) ਲਾਰਵਾ (ਅ) ਪਿਊਪਾ (ੲ) ਅੰਡਾ (ਸ) ਬਾਲਗ ਕੀੜਾ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ...................... ਕੱਦੂ ਜਾਤੀ ਦੀ ਸਬਜ਼ੀ ਹੈ । (ਖੀਰਾ / ਭਿੰਡੀ)
2. ਆਲੂਆਂ ਨੂੰ ....................... ਰੋਗ ਲੱਗਦਾ ਹੈ । (ਝੁਲਸ / ਰੱਤਾ)
3. ਇੱਕ ਬਾਲਗ ਕੀੜੇ ਦੀਆਂ ............... ਲੱਤਾਂ ਹੁੰਦੀਆਂ ਹਨ । (ਛੇ / ਚਾਰ)
4. ਟਿੱਡਾ ਕਿਸਾਨ ਦਾ ਸਭ ਤੋਂ ਵੱਡਾ ...................... ਕੀੜਾ ਹੈ । (ਦੁਸ਼ਮਣ / ਮਿੱਤਰ)
5. ਰੇਸ਼ਮ ਦੇ ਕੀੜੇ ਦੇ ਸਰੀਰ ਵਿੱਚ ਮੌਜੂਦ ............ ਗ੍ਰੰਥੀ ਤੋਂ ਰੇਸ਼ਮ ਬਣਦਾ ਹੈ । (ਰੇਸ਼ਮ / ਸ਼ਹਿਦ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਟਿੱਡੇ ਦੇ ਆਂਡਿਆਂ ਦੀ ਸ਼ਕਲ ਚੌਲਾਂ ਦੇ ਦਾਣਿਆਂ ਵਰਗੀ ਹੁੰਦੀ ਹੈ ।
2. ਸਿਉਂਕ ਦਾ ਸਰੀਰ ਨਰਮ, ਰੰਗ ਘਸਮੈਲਾ ਚਿੱਟਾ ਅਤੇ ਸਿਰ ਗੂੜ੍ਹਾ ਭੂਰਾ ਹੁੰਦਾ ਹੈ ।
3. ਹਾਨੀਕਾਰਕ ਕੀੜੇ ਅਤੇ ਬਿਮਾਰੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ।
4. ਬਾਲਗ ਰੇਸ਼ਮ ਦਾ ਕੀੜਾ ਸ਼ਹਿਤੂਤ ਦੇ ਪੱਤਿਆਂ 'ਤੇ ਗੁਜ਼ਾਰਾ ਕਰਦਾ ਹੈ ।
5. ਕੀੜੇ ਦੇ ਸਰੀਰ ਦੇ ਤਿੰਨ ਮੁੱਖ ਭਾਗ ਸਿਰ, ਛਾਤੀ ਅਤੇ ਪੇਟ ਹਨ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਐਪੀਕਲਚਰ | (i) | ਰੇਸ਼ਮ ਦਾ ਕੀੜਾ ਅਤੇ ਸ਼ਹਿਦ ਦੀ ਮੱਖੀ |
| 2. | ਆਂਡਾ, ਲਾਰਵਾ, ਪਿਊਪਾ ਅਤੇ ਬਾਲਗ ਕੀਟ | (ii) | ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਧੰਦਾ |
| 3. | ਸਿਉਂਕ ਦੀਆਂ ਜਮਾਤਾਂ | (iii) | ਕੀੜੇ ਦੇ ਜੀਵਨ ਚੱਕਰ ਦੀਆਂ ਅਵਸਥਾਵਾਂ |
| 4. | ਨੁਕਸਾਨਦਾਇਕ ਕੀਟ | (iv) | ਰਾਣੀ, ਰਾਜਾ, ਫ਼ੌਜੀ ਅਤੇ ਕਾਮੇ |
| 5. | ਮਿੱਤਰ ਕੀੜੇ | (v) | ਪੈਸਟ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਕਿਹੜੇ ਕੀਟਾਂ ਨੂੰ ਪੈਸਟ ਕਿਹਾ ਜਾਂਦਾ ਹੈ ?
2. ਪ੍ਰਾਣੀ ਜਗਤ ਦੀਆਂ ਕੋਈ ਤਿੰਨ ਵਿਸ਼ੇਸ਼ਤਾਈਆਂ ਲਿਖੋ ।
3. ਫ਼ਸਲ ਸੁਰੱਖਿਆ ਤੋਂ ਕੀ ਭਾਵ ਹੈ ?
4. ਹਾਨੀਕਾਰਕ ਕੀੜਿਆਂ ਤੇ ਸੰਖੇਪ ਨੋਟ ਲਿਖੋ ।
5. ਕੱਦੂ ਦੀ ਲਾਲ ਭੂੰਡੀ ਕਿਵੇਂ ਨੁਕਸਾਨ ਪਹੁੰਚਾਉਂਦੀ ਹੈ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਅੱਕ ਦੇ ਟਿੱਡੇ ਬਾਰੇ ਸੰਖੇਪ ਵਿੱਚ ਲਿਖੋ ।
2. ਰੇਸ਼ਮ ਦੇ ਕੀੜੇ ਦੀਆਂ ਚਾਰ ਵੱਖ-ਵੱਖ ਅਵਸਥਾਵਾਂ ਦਾ ਵਰਣਨ ਕਰੋ ।
3. ਭਾਰਤ ਵਿੱਚ ਟਿੱਡੀ ਦਲ ਦਾ ਹਮਲਾ ਕਦੋਂ ਹੁੰਦਾ ਹੈ ?
4. ਰੇਸ਼ਮ ਦੀਆਂ ਕੋਈ ਚਾਰ ਵਿਸ਼ੇਸ਼ਤਾਈਆਂ ਲਿਖੋ ।
5. ਸਿਉਂਕ ਕਿਵੇਂ ਨੁਕਸਾਨ ਪਹੁੰਚਾਉਂਦੀ ਹੈ ?

ਭੁਪਿੰਦਰ ਖੰਨਾ

## ਪਾਠ - 14
## ਖੇਤੀਬਾੜੀ ਲਈ ਆਰਥਿਕ ਮਹੱਤਤਾ ਵਾਲੇ ਪ੍ਰਾਣੀ

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

1. ਉੱਨ ਅਤੇ ਮਾਸ ਲਈ ਕਿਹੜੇ ਜੰਤੂ ਨੂੰ ਪਾਲਿਆ ਜਾਂਦਾ ਹੈ ?
(ੳ) ਭੇਡ (ਅ) ਸ਼ਹਿਦ ਦੀ ਮੱਖੀ (ੲ) ਮੱਝ (ਸ) ਮੁਰਗੀ
2. ਰੂਸੀ ਅੰਗੋਰਾ ਕਿਹੜੇ ਜੰਤੂ ਦੀ ਨਸਲ ਹੈ ?
(ੳ) ਖਰਗੋਸ਼ (ਅ) ਭੇਡ (ੲ) ਗਾਂ (ਸ) ਰੇਸ਼ਮ ਦਾ ਕੀੜਾ
3. ਰੇਸ਼ਮ ਦਾ ਕੀੜਾ ਕੀ ਪ੍ਰਾਪਤ ਕਰਨ ਲਈ ਪਾਲਿਆ ਜਾਂਦਾ ਹੈ ?
(ੳ) ਰੇਸ਼ਮ (ਅ) ਦੁੱਧ (ੲ) ਸ਼ਹਿਦ (ਸ) ਉੱਨ
4. ਸਭ ਤੋਂ ਵੱਧ ਦੁੱਧ ਦੇਣ ਵਾਲੀ ਭਾਰਤੀ ਨਸਲ ਦੀ ਗਾਂ ਦਾ ਨਾਂ ਕੀ ਹੈ ?
(ੳ) ਸਾਹੀਵਾਲ (ਅ) ਲਾਲ ਸਿੰਧੀ (ੲ) ਹਰਿਆਣਾ (ਸ) ਥਾਰਪਾਰਕਰ
5. ਕਿਹੜੇ ਜੰਤੂ ਨੂੰ ਮਾਰੂਥਲ ਦਾ ਜਹਾਜ਼ ਕਿਹਾ ਜਾਂਦਾ ਹੈ ?
(ੳ) ਊਠ (ਅ) ਘੋੜਾ (ੲ) ਖਰਗੋਸ਼ (ਸ) ਬਲਦ

**ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

1. ਖਰਗੋਸ਼ਾਂ ਦਾ ਇੱਕ ਜੋੜਾ ਇੱਕ ਸਾਲ ਵਿੱਚ .......... ਨਵੇਂ ਖਰਗੋਸ਼ਾਂ ਨੂੰ ਜਨਮ ਦਿੰਦਾ ਹੈ । (32 / 2)
2. ਖਰਗੋਸ਼ ਦੀ ਸੋਵੀਅਤ ਚਿੰਚਲਾਂ ਨਸਲ ................ ਲਈ ਪਾਲੀ ਜਾਂਦੀ ਹੈ । (ਮਾਸ / ਉੱਨ)
3. ਮਧੂ ਮੱਖੀਆਂ ਦੇ ਛੱਤੇ ਦੇ ਖਾਨਿਆਂ ਦਾ ਆਕਾਰ ................. ਕੋਣਾ ਹੁੰਦਾ ਹੈ । (ਛੇ / ਚਾਰ)
4. ਕੁਦਰਤੀ ਰੇਸ਼ਿਆਂ ਵਿੱਚ ਰੇਸ਼ਮ ਦੇ ਰੇਸ਼ੇ ਸਭ ਤੋਂ ................ ਹੁੰਦੇ ਹਨ । (ਲੰਬੇ / ਛੋਟੇ)
5. ਪੰਜਾਬ ਖੇਤੀਬਾੜੀ ਯੂਨੀਵਰਸਿਟੀ ................... ਸ਼ਹਿਰ ਵਿੱਚ ਹੈ । (ਲੁਧਿਆਣਾ / ਚੰਡੀਗੜ੍ਹ)

**ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

1. ਖਰਗੋਸ਼ ਨੂੰ ਉੱਨ ਅਤੇ ਮੀਟ ਪ੍ਰਾਪਤ ਕਰਨ ਲਈ ਪਾਲਿਆ ਜਾਂਦਾ ਹੈ ।
2. ਮੱਛੀ ਪਾਲਣ ਵਿਭਾਗ ਵੱਲੋਂ ਮੱਛੀ ਪਾਲਣ ਲਈ ਸਿਖਲਾਈ ਦਿੱਤੀ ਜਾਂਦੀ ਹੈ ।
3. ਦੁੱਧ ਇੱਕ ਸੰਪੂਰਨ ਖੁਰਾਕ ਹੈ ।
4. ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਧੰਦਾ ਸ਼ੁਰੂ ਕਰਨ ਦਾ ਸਭ ਤੋਂ ਵਧੀਆ ਸਮਾਂ ਬਸੰਤ ਰੁੱਤ ਹੈ ।
5. ਮੁਰਗੀਆਂ ਦੀ ਬਿੱਠਾਂ ਵਿੱਚ ਨਾਈਟਰੋਜਨ ਤੱਤ ਦੀ ਮਾਤਰਾ ਵੱਧ ਹੁੰਦੀ ਹੈ ।

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਮਾਰੂਥਲ ਦਾ ਜਹਾਜ਼ | (i) | ਮਧੂ ਮੱਖੀ, ਭੇਡ, ਗਾਂ, ਮੱਝ ਅਤੇ ਖਰਗੋਸ਼ |
| 2. | ਮਾਸ ਪ੍ਰਾਪਤ ਕਰਨ ਲਈ ਪਾਲੇ ਜਾਣ ਵਾਲੇ ਚੂਚੇ | (ii) | ਊਠ |
| 3. | ਘਰ ਦੀ ਰਾਖੀ ਕਰਨ ਵਾਲਾ ਜੰਤੂ | (iii) | ਬਰਾਇਲਰ |
| 4. | ਆਂਡੇ ਅਤੇ ਮਾਸ ਵਿੱਚ ਮਿਲਣ ਵਾਲਾ ਤੱਤ | (iv) | ਕੁੱਤਾ |
| 5. | ਖੇਤੀ ਵਿੱਚ ਆਰਥਿਕ ਮਹੱਤਤਾ ਵਾਲੇ ਪ੍ਰਾਣੀ | (v) | ਪ੍ਰੋਟੀਨ |

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

1. ਭੇਡਾਂ ਅਤੇ ਬੱਕਰੀਆਂ ਪਾਲਣ ਦੇ ਕੋਈ ਤਿੰਨ ਲਾਭ ਲਿਖੋ ।
2. ਖਰਗੋਸ਼ ਪਾਲਣ ਤੋਂ ਤੁਸੀਂ ਕੀ ਸਮਝਦੇ ਹੋ ?
3. ਸ਼ਹਿਦ ਵਿੱਚ ਕਿਹੜੇ-ਕਿਹੜੇ ਖੁਰਾਕੀ ਤੱਤ ਪਾਏ ਜਾਂਦੇ ਹਨ ?
4. ਮੱਛੀ ਪਾਲਣ ਦਾ ਧੰਦਾ ਸ਼ੁਰੂ ਕਰਨ ਲਈ ਸਿਖਲਾਈ ਬਾਰੇ ਤੁਸੀਂ ਕੀ ਜਾਣਦੇ ਹੋ ?
5. ਊਠ ਨੂੰ ਮਾਰੂਥਲ ਦਾ ਜਹਾਜ਼ ਕਿਉਂ ਕਿਹਾ ਜਾਂਦਾ ਹੈ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਤਿੰਨ-ਚਾਰ ਵਾਕਾਂ ਵਿੱਚ ਦਿਓ :**

1. ਮਨੁੱਖ ਨੂੰ ਪਸ਼ੂਆਂ ਤੋਂ ਹੋਣ ਵਾਲੇ ਕੋਈ ਚਾਰ ਲਾਭ ਲਿਖੋ ।
2. ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕੋਈ ਚਾਰ ਲਾਭ ਲਿਖੋ ।
3. ਖੇਤੀ ਵਿੱਚ ਭਾਰ ਢੋਣ ਵਾਲੇ ਕਿਸੇ ਚਾਰ ਪਸ਼ੂਆਂ ਦੇ ਨਾਂ ਲਿਖ ਕੇ ਉਨ੍ਹਾਂ ਦਾ ਵਰਣਨ ਕਰੋ ।
4. ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਧੰਦਾ ਸ਼ੁਰੂ ਕਰਨ ਤੋਂ ਪਹਿਲਾਂ ਧਿਆਨ ਰੱਖਣ ਯੋਗ ਚਾਰ ਮੁੱਖ ਗੱਲਾਂ ਲਿਖੋ ।
5. ਮਰੇ ਹੋਏ ਪਸ਼ੂਆਂ ਤੋਂ ਹੋਣ ਵਾਲੇ ਕੋਈ ਚਾਰ ਲਾਭ ਲਿਖੋ ।

ਭੁਪਿੰਦਰ ਖੰਨਾ